ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009



ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

Email : lokbani08@gmail.com

ਸੋਮਵਾਰ, 23 ਅਗਸਤ 2021



ਲੋਕ ਬਾਣੀ ਅਖਬਾਰ ਪੋਰਟਲ ਟੀ.ਵੀਂ ਤੇ ਨਵੀਆਂ ਤੇ ਤਾਜੀਆ ਖਬਰਾਂ ਦੇਖਣ ਲਈ lokbani.com ਤੇ ਜਾਉ ਤੇ ਕਰੋ ਲਾਇਕ

ਹੈ ਕੋਈ ਖਬਰ ਤੁਹਾਡੇ ਸ਼ਹਿਰ ਮੁਹਲੇ ਪਿੰਡ ਦੀ ਸਾਨੂੰ ਲੋੜ ਹੈ ਪੰਜਾਬ ਦੇ ਹਰ ਕੋਨੇ ਤੋ ਉਸ ਖਬਰ ਦੀ ਜੋ ਹੋਵੇ ਸੱਚ ਜਿਸ ਨੂੰ ਅਸੀਂ ਪਹੁੰਚਾ ਸਕੀਏ ਪ੍ਰਸ਼ਾਸਨ ਤੱਕ ਤੁਰੰਤ ਹੋਵੇ ਕਾਰਵਾਈ ਸਾਡੇ ਪਤਰਕਾਰਾਂ ਨਾਲ ਜਾ ਮੁੱਖ ਦਫਤਰ ਨਾਲ ਜਲੰਧਰ

ਸੰਪਰਕ ਕਰੋ
9915594111
0181-2211009



R.N.I. Punpun/29016/2008 ✲ ਸਾਲ : 14 ✲ ਅੰਕ : 205 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111




## ਅਮਰੀਕਾ : ਟੈਨੇਸੀ 'ਚ ਹੜ੍ਹਾਂ ਦਾ ਕਹਿਰ, ਘੱਟੋ-ਘੱਟ 10 ਲੋਕਾਂ ਦੀ ਮੌਤ ਤੇ ਦਰਜਨਾਂ ਲਾਪਤਾ

**ਕੈਲੀਫੋਰਨੀਆ/ਲੋਕ ਬਾਣੀ**

ਅਮਰੀਕੀ ਸਟੇਟ ਟੈਨੇਸੀ 'ਚ ਸਨੀਵਾਰ ਨੂੰ ਪਏ ਰਿਕਾਰਡ ਤੋੜ ਮੀਂਹ ਕਾਰਨ ਆਏ ਹੜ੍ਹਾਂ ਕਾਰਨ ਘੱਟੋ-ਘੱਟ 10 ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਲਾਪਤਾ ਹੋ ਗਏ। ਇਸ ਦੌਰਾਨ ਹਮਫਰੀਜ ਕਾਉਂਟੀ ਦੇ ਪੁਲਿਸ ਵਿਭਾਗ ਨੇ ਜਾਣਕਾਰੀ ਦਿੱਤੀ ਕਿ ਹੜ੍ਹਾਂ ਕਾਰਨ 30 ਤੋਂ ਵੱਧ ਲੋਕਾਂ ਦੇ ਲਾਪਤਾ ਹੋਣ ਦੀ ਖਬਰ ਹੈ। ਇਸ ਦੇ ਇਲਾਵਾ ਬਰਾਮਦ ਕੀਤੀਆਂ ਗਈਆਂ ਲਾਸਾਂ 'ਚੋਂ ਦੋ ਲਾਸਾ ਬੱਚਿਆਂ ਦੀ ਵੀ ਬਰਾਮਦ ਹੋਈਆਂ ਹਨ। ਨੈਸਵਿਲੇ ਤੋਂ ਲਗਭਗ 50 ਮੀਲ (80 ਕਿਲੋਮੀਟਰ) ਪੱਛਮ 'ਚ ਸਥਿਤ ਹੰਫਰੀਜ ਕਾਉਂਟੀ ਨੇ ਇੱਕ ਦਿਨ ਤੋਂ ਵੀ ਘੱਟ ਸਮੇਂ 'ਚ 17 ਇੰਚ (43 ਸੈਂਟੀਮੀਟਰ) ਮੀਂਹ ਦਾ ਸਾਹਮਣਾ ਕੀਤਾ, ਜਿਸ ਕਾਰਨ ਪਾਣੀ ਨਾਲ ਸੜਕਾਂ ਬੰਦ ਹੋਣ ਦੇ ਨਾਲ ਕਮਿਊਨੀਕੇਸਨ ਅਤੇ ਆਵਾਜਾਈ 'ਚ ਵੀ ਵਿਘਨ ਪਿਆ। ਨੈਸਨਲ ਮੌਸਮ ਸੇਵਾ ਨੈਸਵਿਲ ਦੇ ਅਨੁਸਾਰ, ਇਸ ਬਾਰਿਸ ਨੇ 2010 ਤੋਂ ਇਸ ਖੇਤਰ 'ਚ 24 ਘੰਟਿਆਂ ਦੌਰਾਨ ਪਈ 9.45 ਇੰਚ (24 ਸੈਂਟੀਮੀਟਰ) ਦੇ ਰਿਕਾਰਡ ਨੂੰ ਤੋੜ ਦਿੱਤਾ ਹੈ।

# ਕੋਵਿਡ-19 ਆਫ਼ਤ : ਹਰਿਆਣਾ 'ਚ 6 ਸਤੰਬਰ ਤੱਕ ਵਧਾਈ ਗਈ ਤਾਲਾਬੰਦੀ

**ਚੰਡੀਗੜ੍ਹ, ਹਰਿਆਣਾ/ਲੋਕ ਬਾਣੀ**

ਹਰਿਆਣਾ ਸਰਕਾਰ ਨੇ ਐਤਵਾਰ ਨੂੰ ਕੋਵਿਡ-19 ਤਾਲਾਬੰਦੀ ਦਾ ਸਮਾਂ 15 ਦਿਨ ਲਈ ਵਧਾਉਣ ਦਾ ਫ਼ੈਸਲਾ ਲਿਆ ਹੈ ਅਤੇ ਪਹਿਲਾਂ ਤੋਂ ਦਿੱਤੀ ਗਈ ਢਿੱਲ ਜਾਰੀ ਰੱਖਣ ਦੀ ਆਗਿਆ ਦਿੱਤੀ। ਸੂਬੇ ਵਿਚ ਰੈਸਟੋਰੈਂਟ, ਬਾਰ, ਮਾਲ, ਕਲੱਬ ਹਾਊਸ ਅਤੇ ਦੁਕਾਨਾਂ ਖੋਲ੍ਹਣ ਦੀ ਇਜਾਜ਼ਤ ਹੈ। ਮੁੱਖ ਸਕੱਤਰ ਵਿਜੇ ਵਰਧਨ ਨੇ ਐਤਵਾਰ ਨੂੰ ਜਾਰੀ ਆਦੇਸ਼ ਵਿਚ ਕਿਹਾ ਹੈ ਕਿ ਹਰਿਆਣਾ ਸੂਬੇ ਵਿਚ 'ਮਹਾਮਾਰੀ ਅਲਰਟ ਸੁਰੱਖਿਅਤ ਹਰਿਆਣਾ' ਨੂੰ ਅਗਲੇ ਇਕ ਹੋਰ ਪੰਦਵਾੜੇ, 23 ਅਗਸਤ ਤੋਂ 6 ਸਤੰਬਰ ਸ਼ਾਮ 5 ਵਜੇ ਤੱਕ ਲਈ ਤਾਲਾਬੰਦੀ ਦਾ ਸਮਾਂ ਵਧਾਇਆ ਗਿਆ ਹੈ। ਇਸ ਦੇ ਨਾਲ ਪਹਿਲਾਂ ਤੋਂ ਜਾਰੀ ਆਦੇਸ਼ਾਂ ਵਿਚ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕੀਤਾ ਜਾਵੇਗਾ।



ਹਰਿਆਣਾ ਵਿਚ ਪਹਿਲਾਂ ਜਿਨ੍ਹਾਂ ਗਤੀਵਿਧੀਆਂ ਦੀ ਆਗਿਆ ਸੀ, ਉਸ 'ਚ ਵੱਖ-ਵੱਖ ਯੂਨੀਵਰਸਿਟੀਆਂ, ਸੰਸਥਾਵਾਂ ਜਾਂ ਸਰਕਾਰੀ ਵਿਭਾਗਾਂ ਵਲੋਂ ਆਯੋਜਿਤ ਪ੍ਰਵੇਸ਼ ਅਤੇ ਭਰਤੀ ਪ੍ਰੀਖਿਆਵਾਂ ਕਰਵਾਉਣ ਦੀ ਆਗਿਆ ਸੀ। ਆਦੇਸ਼ ਵਿਚ ਕਿਹਾ ਗਿਆ ਕਿ ਸਮਾਜਿਕ ਦੂਰੀ, ਸਾਫ਼-ਸਫਾਈ ਅਤੇ ਬੈਠਣ ਦੀ ਸਮਰੱਥਾ ਦੇ ਸੰਬੰਧ ਵਿਚ ਸਾਰੇ ਨਿਰਦੇਸ਼ਾਂ ਦਾ ਪਾਲਣ ਕਰਨਾ ਹੋਵੇਗਾ। ਸੂਬੇ ਦੀਆਂ ਯੂਨੀਵਰਸਿਟੀਆਂ ਦੇ ਕੁਲਪਤੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਅਗਲੇ ਸਿੱਖਿਅਕ ਸੈਸ਼ਨ ਤੋਂ ਯੂਨੀਵਰਸਿਟੀਆਂ ਨੂੰ ਮੁੜ ਤੋਂ ਖੋਲ੍ਹਣ ਦੀ ਯੋਜਨਾ ਬਣਾਉਣ ਅਤੇ ਪ੍ਰੋਗਰਾਮ ਨੂੰ ਸੂਬਾ ਸਰਕਾਰ ਦੇ ਸੰਬੰਧਤ ਵਿਭਾਗ ਨਾਲ ਸਾਂਝਾ ਕਰਨ। ਦੱਸ ਦੇਈਏ ਕਿ ਸੂਬਾ ਸਰਕਾਰ ਨੇ ਤਾਲਾਬੰਦੀ ਨੂੰ 'ਮਹਾਮਾਰੀ ਅਲਰਟ ਸੁਰੱਖਿਆ ਹਰਿਆਣਾ' ਦਾ ਨਾਂ ਦਿੱਤਾ ਹੈ। ਸਭ ਤੋਂ ਪਹਿਲਾਂ 3 ਮਈ ਨੂੰ ਤਾਲਾਬੰਦੀ ਲਾਈ ਗਈ ਸੀ, ਜਿਸ ਤੋਂ ਬਾਅਦ ਇਸ ਨੂੰ ਅੱਗੇ ਵਧਾਇਆ ਗਿਆ।

## ਪੰਜਾਬ ਸਰਕਾਰ ਨਹੀਂ ਮਨਾਂ ਪਾਈ ਕਿਸਾਨਾਂ ਨੂੰ ਧਰਨਾ ਰਹੇਗਾ ਜਾਰੀ

**ਜਲੰਧਰ/ਰਕੇਸ਼ ਵਰਮਾ**

ਗੰਨੇ ਦੀ ਬਕਾਇਆ ਰਾਸ਼ੀ ਅਤੇ ਗੰਨੇ ਦੀ ਕੀਮਤ ਵਧਾਉਣ ਨੂੰ ਲੈ ਕੇ ਪੰਜਾਬ ਸਰਕਾਰ ਤੇ ਕਿਸਾਨ ਜਥੇਬੰਦੀਆਂ ਦਰਮਿਆਨ ਇੱਥੇ ਪੰਜਾਬ ਭਵਨ ਵਿੱਚ ਹੋਈ ਮੀਟਿੰਗ ਬੇਸਿੱਟਾ ਰਹੀ। ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਕਿਸਾਨ ਯੂਨੀਅਨਾਂ ਵੱਲੋਂ ਬਲਬੀਰ ਸਿੰਘ ਰਾਜੇਵਾਲ, ਜਗਜੀਤ ਸਿੰਘ ਡੱਲੇਵਾਲ ਸਣੇ ਦਰਜਨ ਤੋਂ ਵੱਧ ਕਿਸਾਨ ਆਗੂਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਕਿਸਾਨਾਂ ਨੇ ਪੰਜਾਬ ਸਰਕਾਰ ਵੱਲ ਬਕਾਇਆ ਰਾਸ਼ੀ ਨੂੰ ਜਲਦ ਜਾਰੀ ਕਰਨ ਦੀ ਅਤੇ ਗੰਨੇ ਦੀ ਕੀਮਤ ਵਿੱਚ ਵਾਧਾ ਕਰਨ ਦੀ ਮੰਗ ਕੀਤੀ। ਕੈਬਨਿਟ ਮੰਤਰੀ ਰੰਧਾਵਾ ਨੇ ਕਿਸਾਨ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਤੇ ਖੇਤੀ ਮਾਹਿਰਾਂ ਨਾਲ ਮੀਟਿੰਗ ਕਰਕੇ ਗੰਨੇ ਦੇ ਲਾਗਤ ਬਾਰੇ ਗੱਲਬਾਤ ਕਰ ਲੈਣ। ਜਿਸ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਹੋਣ ਵਾਲੀ ਮੀਟਿੰਗ ਵਿੱਚ ਆਖੀਰ ਫ਼ੈਸਲਾ ਲਿਆ ਜਾਵੇਗਾ। ਕਿਸਾਨ ਆਗੂਆਂ ਨੇ ਸਹਿਮਤੀ ਪ੍ਰਗਟਾਈ। ਹੁਣ 23 ਅਗਸਤ ਨੂੰ ਜਲੰਧਰ ਵਿੱਚ ਪੰਜਾਬ ਸਰਕਾਰ ਦੇ ਆਗੂਆਂ ਅਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਵਿੱਚ ਗੰਨੇ ਦੀ ਕੀਮਤ ਨੂੰ ਲੈ ਕੇ ਮੁੜ ਮੀਟਿੰਗ ਕੀਤੀ ਜਾਵੇਗੀ। ਇਸ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੀਟਿੰਗ ਕਰਕੇ ਗੰਨੇ ਦੀ ਕੀਮਤ ਤੈਅ ਕੀਤੀ ਜਾਵੇਗੀ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਜਦੋਂ ਤੱਕ ਕਿਸਾਨਾਂ ਦੀਆਂ ਮੁਸ਼ਕਲਾਂ ਦਾ ਹੱਲ ਨਹੀਂ ਹੋਵੇਗਾ ਉੱਦੋਂ ਤੱਕ ਪੰਜਾਬ ਦੇ ਰੇਲਵੇ ਟਰੈਕਾਂ ਅਤੇ ਨੈਸ਼ਨਲ ਹਾਈਵੇਅ 'ਤੇ ਚੱਲ ਰਹੇ ਧਰਨੇ ਜਾਰੀ ਰਹਿਣਗੇ।



## 7 ਅਫਗਾਨੀ ਨਾਗਰਿਕਾਂ ਦੀ ਹੋਈ ਕਾਬੁਲ ਹਵਾਈ ਅੱਡੇ ਤੇ ਮੋਤ

**ਕਾਬੁਲ/ਲੋਕ ਬਾਣੀ**

ਅਫਗਾਨਿਸਤਾਨ 'ਤੇ ਤਾਲਿਬਾਨ ਦੇ ਕਬਜੇ ਮਗਰੋਂ ਅਫਰਾ-ਤਫਰੀ ਦੌਰਾਨ ਕਾਬੁਲ ਦੇ ਕੌਮਾਂਤਰੀ ਹਵਾਈ ਅੱਡੇ ਨੇੜੇ ਇਕੱਠੇ ਹੋਏ ਲੋਕਾਂ ਦੀ ਭੀੜ ਵਿੱਚ ਸ਼ਾਮਲ ਸੱਤ ਅਫਗਾਨ ਨਾਗਰਿਕਾਂ ਦੀ ਮੌਤ ਹੋ ਗਈ। ਬਰਤਾਨੀਆ ਦੀ ਫੌਜ ਨੇ ਇਹ ਜਾਣਕਾਰੀ ਦਿੱਤੀ। ਬਰਤਾਨੀਆ ਦੇ ਰੱਖਿਆ ਮੰਤਰਾਲੇ ਨੇ ਐਤਵਾਰ ਨੂੰ ਇੱਕ ਬਿਆਨ ਵਿੱਚ ਕਿਹਾ, "ਜਮੀਨੀ ਹਾਲਾਤ ਬਹੁਤ ਹੀ ਚੁਣੌਤੀਪੂਰਨ ਹਨ, ਪਰ ਅਸੀਂ ਵੱਧ ਤੋਂ ਵੱਧ ਸੁਰੱਖਿਆ ਤਰੀਕੇ ਨਾਲ ਸਥਿਤੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।" ਅਫਗਾਨਿਤਾਨ 'ਤੇ ਤਾਲਿਬਾਨ ਦੇ ਕਬਜੇ ਮਗਰੋਂ ਉਸ ਦੇ ਸ਼ਾਸਨ ਤੋਂ ਬਚ ਕੇ ਭੱਜਣ ਦੀ ਕੋਸਸ਼ਿ ਵਿੱਚ ਹਜਾਰਾਂ ਲੋਕ ਹਵਾਈ ਅੱਡੇ 'ਤੇ ਇਕੱਠੇ ਹੋ ਗਏ ਹਨ।



## ਸਿੱਖ ਸ਼ਰਧਾਲੂਆਂ ਲਈ ਆਈ ਪਾਕਿਸਤਾਨ ਤੋ ਚੰਗੀ ਖਬਰ

**ਇਸਲਾਮਾਬਾਦ/ਲੋਕ ਬਾਣੀ :** ਪਾਕਿਸਤਾਨ ਨੇ ਕਰੋਨਾ ਦੀ ਚੌਥੀ ਲਹਿਰ ਦੇ ਖਤਰੇ ਦੇ ਬਾਵਜੂਦ ਸਿੱਖ ਸ਼ਰਧਾਲੂਆਂ ਨੂੰ ਅਗਲੇ ਮਹੀਨੇ ਤੋਂ ਕਰਤਾਰਪੁਰ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦੀ ਪ੍ਰਵਾਨਗੀ ਦੇਣ ਦਾ ਫੈਸਲਾ ਕੀਤਾ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੀ 22 ਸਤੰਬਰ ਨੂੰ ਬਰਸੀ ਹੈ, ਜਿਸ ਦੇ ਮੱਦੇਨਜਰ ਨੈਸ਼ਨਲ ਕਮਾਂਡ ਐਂਡ ਆਪਰੇਸ਼ਨ ਸੈਂਟਰ (ਐੱਨਸੀਓਸੀ) ਨੇ ਕਰਤਾਰਪੁਰ ਦਾ ਗੁਰਦੁਆਰਾ ਖੋਲ੍ਹਣ ਦਾ ਫੈਸਲਾ ਕੀਤਾ ਹੈ। 'ਡਾਅਨ' ਅਖਬਾਰ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਐੱਨਸੀਓਸੀ ਦੀ ਮੀਟਿੰਗ ਵਿੱਚ ਸਿੱਖ ਸ਼ਰਧਾਲੂਆਂ ਨੂੰ ਸਖਤ ਕਰੋਨਾ ਨਿਯਮਾਂ ਤਹਿਤ ਅਗਲੇ ਮਹੀਨੇ ਤੋਂ ਕਰਤਾਰਪੁਰ ਦੀ ਯਾਤਰਾ ਲਈ ਪ੍ਰਵਾਨਗੀ ਦੇਣ ਦਾ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਹੈ। ਜਕਿਰਯੋਗ ਹੈ ਕਿ ਡੈਲਟਾ ਕਿਸਮ ਦਾ ਕਰੋਨਾ ਫੈਲਣ ਕਾਰਨ ਭਾਰਤ 22 ਮਈ ਤੋਂ 12 ਅਗਸਤ ਤੱਕ 'ਸੀ' ਸ਼੍ਰੇਣੀ ਵਿੱਚ ਰਿਹਾ ਸੀ ਅਤੇ ਸਿੱਖ ਸ਼ਰਧਾਲੂਆਂ ਸਣੇ ਦੇਸ਼ ਤੋਂ ਆਉਣ ਵਾਲੇ ਲੋਕਾਂ ਲਈ ਵਿਸ਼ੇਸ਼ ਮਨਜੂਰੀ ਦੀ ਲੋੜ ਸੀ।



## ਇੰਨਫੋਸਿਸ ਦੇ ਸੀਈਓ ਖਿਆਲ ਵਿੱਤ ਮੰਤਰਾਲੇ ਦਾ ਵਡਾ ਐਕਸ਼ਨ

**ਨਵੀਂ ਦਿੱਲੀ/ਕਪੂਰ :** ਆਮਦਨ ਕਰ ਵਿਭਾਗ ਦੇ ਨਵੇਂ ਪੋਰਟਲ ਵਿੱਚ ਸ਼ੁਰੂ ਤੋਂ ਸਮੱਸਿਆਵਾਂ ਆ ਰਹੀਆਂ ਹਨ। ਇਹ ਪੋਰਟਲ ਲਗਪਗ ਦੋ ਮਹੀਨੇ ਪਹਿਲਾਂ ਸ਼ੁਰੂ ਹੋਇਆ ਸੀ, ਪਰ ਪੋਰਟਲ ਵਿੱਚ ਹੁਣ ਵੀ ਸਮੱਸਿਆ ਆ ਰਹੀ ਹੈ। ਪੋਰਟਲ ਨੂੰ ਆਈਟੀ ਖੇਤਰ ਦੀ ਪਹਿਲੀ ਪ੍ਰਮੁੱਖ ਕੰਪਨੀ ਇੰਫੋਸਿਸ ਨੇ ਬਣਾਇਆ ਹੈ। ਹੁਣ ਵਿੱਤ ਮੰਤਰਾਲੇ ਨੇ ਇੰਫੋਸਿਸ ਦੇ ਐੱਮਡੀ ਤੇ ਸੀਈਓ ਸਲਿਲ ਪਾਰੇਖ ਨੂੰ ਤਲਬ ਕੀਤਾ ਹੈ। ਮੰਤਰਾਲੇ ਨੇ ਪਾਰੇਖ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਕੋਲ ਇਹ ਸਪਸ਼ਟ ਕਰਨ ਲਈ ਕਿਹਾ ਹੈ ਕਿ ਦੋ ਮਹੀਨਿਆਂ ਮਗਰੋਂ ਵੀ ਪੋਰਟਲ ਠੀਕ ਢੰਗ ਨਾਲ ਕੰਮ ਕਿਉਂ ਨਹੀਂ ਕਰ ਰਿਹਾ। ਇਹ ਪੋਰਟਲ 21 ਅਗਸਤ ਤੋਂ 'ਉਪਲੱਬਧ ਨਹੀਂ' ਹੈ। ਸਰਕਾਰ ਨੇ ਜਨਵਰੀ 2019 ਤੋਂ ਜੂਨ 2021 ਤੱਕ ਇੰਫੋਸਿਸ ਨੂੰ ਇਸ ਪੋਰਟਲ ਲਈ 164.5 ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ।




## ਭਾਰਤੀ ਰੇਲ ਨੂੰ ਕੋਰੋਨਾ ਕਾਰਨ ਹੋਇਆ 36 ਹਜਾਰ ਕਰੋੜ ਦਾ ਨੁਕਸਾਨ

**ਨਵੀਂ ਦਿੱਲੀ/ਕਪੂਰ :** ਕੇਂਦਰੀ ਮੰਤਰੀ ਰਾਓਸਾਹਿਬ ਦਾਨਵੇ ਨੇ ਦੱਸਿਆ ਹੈ ਕਿ ਕਰੋਨਾ ਮਹਾਮਾਰੀ ਕਾਰਨ ਦੇਸ਼ ਦੇ ਰੇਲਵੇ ਵਿਭਾਗ ਨੂੰ 36 ਹਜਾਰ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸੇ ਦੌਰਾਨ ਮਾਲ ਗੱਡੀਆਂ ਆਮਦਨ ਦਾ ਸਾਧਨ ਬਣੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੁੰਬਈ ਤੇ ਨਾਗਪੁਰ ਦਰਮਿਆਨ ਬੁਲੇਟ ਟਰੇਨ ਪ੍ਰਾਜੈਕਟ ਮੌਜੂਦਾ ਸਮੇਂ ਉਸਾਰੀ ਅਧੀਨ ਹੈ। ਉਹ ਜਾਲਨ ਦੇ ਰੇਲਵੇ ਸਟੇਸ਼ਨ 'ਤੇ ਅੰਡਰਬਰਿੱਜ ਦਾ ਨੀਂਹ ਪੱਥਰ ਰੱਖਣ ਮੌਕੇ ਹਾਜਰ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਮਹਾਰਾਸ਼ਟਰ ਦੇ ਸਿਹਤ ਮੰਤਰੀ ਰਾਜੇਸ਼ ਤੋਪੇ ਵੀ ਹਾਜਰ ਸਨ। ਉਨ੍ਹਾਂ ਕਿਹਾ ਕਿ ਜਾਲਨ ਵਿੱਚ ਜਲਦ ਹੀ ਇਕ ਹਸਪਤਾਲ ਉਸਾਰਿਆ ਜਾਵੇਗਾ ਜਿਥੇ ਮਨੋਰੋਗੀਆਂ ਦੇ ਇਲਾਜ ਦੀ ਸਹੂਲਤ ਦਿੱਤੀ ਜਾਵੇਗੀ।


ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਅ.ਫ.ਗਾਨਿਸਤਾਨ ਦੀ ਸਥਿਤੀ ਲੋਕਾਂ ਲਈ ਬਹੁਤ ਖ਼ਤਰਨਾਕ ਹੈ : ਦੀਪਨ ਸ਼ੇਰਪਾ

**ਨਵੀਂ ਦਿੱਲੀ/ਲੋਕ ਬਾਣੀ :** ਅਫ਼ਗਾਨਿਸਤਾਨ ਤੋਂ ਕੱਢੇ ਗਏ ਲੋਕਾਂ ਵਿਚੋਂ ਇਕ ਵਿਅਕਤੀ ਦੀਪਨ ਸ਼ੇਰਪਾ ਨੇ ਦੱਸਿਆ ਕਿ ਅਫ਼ਗਾਨਿਸਤਾਨ ਦੀ ਸਥਿਤੀ ਲੋਕਾਂ ਲਈ ਬਹੁਤ ਖ਼ਤਰਨਾਕ ਹੈ। ਚਾਰੇ ਪਾਸੇ ਗੋਲੀਬਾਰੀ ਅਤੇ ਬੰਬ ਧਮਾਕਿਆਂ ਹਨ। ਤਾਲਿਬਾਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਹ ਲੋਕਾਂ ਨੂੰ ਕੁੱਟ ਰਹੇ ਹਨ। ਅਸੀਂ ਡਰ ਨਾਲ ਜੀ ਰਹੇ ਸੀ।

# ਪਰਵਾਨੂ-ਸ਼ਿਮਲਾ ਰਾਜ ਮਾਰਗ ਸੋਲਨ 'ਤੇ ਟਰੱਕ ਤੇ ਬੱਸ ਵਿਚਕਾਰ ਟੱਕਰ, ਕਈ ਯਾਤਰੀ ਜ਼ਖਮੀ

**ਹਿਮਾਚਲ ਪ੍ਰਦੇਸ਼/ਲੋਕ ਬਾਣੀ :** ਪਰਵਾਨੂ-ਸਮਿਲਾ ਰਾਸ਼ਟਰੀ ਰਾਜ ਮਾਰਗ 'ਤੇ ਜਬਲੀ ਦੇ ਕੋਲ ਇਕ ਸੇਬ ਨਾਲ ਭਰਿਆ ਟਰੱਕ ਇਕ ਪ੍ਰਾਈਵੇਟ ਬੱਸ ਨਾਲ ਟਕਰਾ ਗਿਆ। ਜਿਸ ਕਾਰਨ ਕਈ ਯਾਤਰੀ ਜ਼ਖਮੀ ਹੋ ਗਏ।

# ਸਾਬਕਾ ਓਲੰਪੀਅਨ ਫੁੱਟਬਾਲਰ ਤੇ ਫੀਫਾ ਦੇ ਅੰਤਰਰਾਸ਼ਟਰੀ ਰੈ.ਫਰੀ ਸਈਦ ਸ਼ਾਹਿਦ ਹਕੀਮ ਦਾ ਦੇਹਾਂਤ

**ਕਰਨਾਟਕ/ਲੋਕ ਬਾਣੀ :** ਸਾਬਕਾ ਓਲੰਪੀਅਨ ਫੁੱਟਬਾਲਰ ਅਤੇ ਫੀਫਾ ਦੇ ਅੰਤਰਰਾਸ਼ਟਰੀ ਰੈਫ਼ਰੀ ਸਈਦ ਸ਼ਾਹਿਦ ਹਕੀਮ ਦੀ ਅੱਜ ਸਵੇਰੇ ਕਾਲਾਬੁਰਗੀ ਵਿਚ ਦਿਲ ਦਾ ਦੌਰਾ ਪੈਣ ਕਾਰਨ 82 ਸਾਲ ਦੀ ਉਮਰ ਵਿਚ ਮੌਤ ਹੋ ਗਈ। ਉਨ੍ਹਾਂ ਦੀ ਪਤਨੀ ਸਾਦੀਆ ਨੇ ਕਿਹਾ ਕਿ ਉਨ੍ਹਾਂ ਦੀ ਦੇਹ ਨੂੰ ਹੈਦਰਾਬਾਦ ਵਿਚ ਉਨ੍ਹਾਂ ਦੇ ਜੱਦੀ ਸਥਾਨ 'ਤੇ ਲਿਜਾਇਆ ਗਿਆ ਹੈ। ਜਿੱਥੇ ਅੰਤਿਮ ਸੰਸਕਾਰ ਕੀਤਾ ਜਾਵੇਗਾ।

# ਰੱਖੜੀ ਦੇ ਤਿਉਹਾਰ 'ਤੇ ਸੜਕ ਹਾਦਸੇ ਵਿਚ ਜੀਜਾ ਸਾਲੇ ਦੀ ਦਰਦਨਾਕ ਮੌਤ

**ਫ਼ਾਜ਼ਿਲਕਾ/ਲੋਕ ਬਾਣੀ :** ਰੱਖੜੀ ਦੇ ਤਿਉਹਾਰ ਮੌਕੇ ਫ਼ਾਜ਼ਿਲਕਾ ਵਿਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ ਜੀਜੇ ਸਾਲੇ ਦੀ ਦਰਦਨਾਕ ਮੌਤ ਹੋ ਗਈ। ਮੌਤ ਇਤਨੀ ਭਿਆਨਕ ਸੀ ਕਿ 12 ਸਾਲ ਦੇ ਬੱਚੇ ਦੇ ਚੀਥੜੇ ਦੂਰ ਤੱਕ ਖਿੱਲਰ ਗਏ। ਹਾਦਸੇ ਦਾ ਪਤਾ ਚੱਲਦਿਆਂ ਹੀ ਪੁਲਿਸ ਮੌਕੇ 'ਤੇ ਪੁੱਜ ਗਈ। ਜਾਣਕਾਰੀ ਅਨੁਸਾਰ ਓਮ ਪ੍ਰਕਾਸ਼ (40) ਅਤੇ ਉਸ ਦਾ ਸਾਲਾ ਰੌਸ਼ਨ (12)ਵਾਸੀ ਮਲੋਟ ਰੋਡ ਮੋਟਰ ਸਾਈਕਲ ਤੇ ਸਵਾਰ ਹੋ ਕੇ ਆ ਰਹੇ ਸਨ, ਜਦੋਂ ਉਹ ਰੇਲਵੇ ਓਵਰ ਬ੍ਰਿਜ ਪੁੱਜੇ ਤਾਂ ਸਾਹਮਣੇ ਤੋਂ ਆ ਰਿਹਾ ਇਕ ਟਰੱਕ ਘੋੜਾ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਰੌਸ਼ਨ ਲਾਲ ਬੁਰੀ ਤਰ੍ਹਾਂ ਦੜਿਆ ਗਿਆ ਅਤੇ ਉਸ ਦੀ ਮੌਤ ਹੋ ਗਈ, ਜਦੋਂਕਿ ਉਸ ਦੇ ਜੀਜੇ ਓਮ ਪ੍ਰਕਾਸ਼ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

# ਪੁੱਛਗਿੱਛ ਦੇ ਆਧਾਰ ਤੇ ਪੁਲਿਸ ਕਿਸਾਨਾਂ ਨੂੰ ਨਾਜਾਇਜ਼ ਗ੍ਰਿਫਤਾਰ ਕਰਨਾ ਬੰਦ ਕਰੇ : ਗੁਰਮੀਤ ਪੋਜੋਕੇ



**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਪਿਛਲੇ ਦਿਨੀਂ ਪਿੰਡ ਸੁੰਦਰ ਵਾਲੇ ਝੁੱਗੇ ਤੋਂ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਦਬਾਅ ਸਦਕਾ ਬਿਨਾਂ ਕਿਸੇ ਪਰਚੇ ਵਿੱਚ ਨਾਮਜਦ ਕੀਤਿਆਂ ਪੁਲੀਸ ਵੱਲੋਂ ਰਿਹਾਅ ਕਰ ਦਿੱਤਾ ਗਿਆ ਹੈ ।

ਕਿਸੇ ਭਗੌੜੇ ਵਿਅਕਤੀ ਦੀ ਤਲਾਸ਼ ਦੀ ਪੁੱਛਗਿੱਛ ਕਰਨ ਦੇ ਸਬੰਧ ਵਿੱਚ ਪਿਛਲੇ ਦਿਨੀਂ ਫਿਰੋਜਪੁਰ ਪੁਲਸ ਵੱਲੋਂ ਪਿੰਡ ਸੁੰਦਰ ਵਾਲੇ ਝੁੱਗੇ ਦੇ ਛਿੰਦਰ ਸਿੰਘ ਅਤੇ ਉਸ ਦੇ ਬਾਪ ਤਾਏ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ । ਜਾਣਕਾਰੀ ਦਿੰਦੇ ਹੋਇਆਂ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ ਨੇ ਕਿਹਾ ਕਿ ਪਿਛਲੇ ਦਿਨੀਂ ਪੁਲਸ ਵੱਲੋਂ ਨਾਜਾਇਜ਼ ਤੌਰ ਤੇ ਇਨ੍ਹਾਂ ਕਿਸਾਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਪਰ ਪਰਿਵਾਰ ਨੂੰ ਇਹ ਨਹੀਂ ਦੱਸਿਆ ਜਾ ਰਿਹਾ ਸੀ ਕਿ ਇਸ ਨੂੰ ਕਿਸ ਥਾਣੇ ਦੀ ਪੁਲਿਸ ਨੇ ਕਿਸ ਜੁਰਮ ਵਿੱਚ ਗਿਰਫਤਾਰ ਕੀਤਾ ਹੈ । ਜਿਸ ਦੇ ਚਲਦਿਆਂ ਪਿਛਲੇ ਦਿਨੀਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਅਤੇ ਸੰਯੁਕਤ ਕਿਸਾਨ ਮੋਰਚੇ ਚ ਸ਼ਾਮਲ ਜਥੇਬੰਦੀਆਂ ਨੇ ਫਿਰੋਜ਼ਪੁਰ ਐੱਸਐੱਸਪੀ ਦਫ਼ਤਰ ਧਰਨਾ ਵੀ ਦਿੱਤਾ ਸੀ। ਜਿਸ ਮਗਰੋਂ ਇਨ੍ਹਾਂ ਕਿਸਾਨਾਂ ਨੂੰ ਰਿਹਾਅ ਕਰ ਦਿੱਤਾ ਗਿਆ । ਕਿਸਾਨ ਆਗੂਆਂ ਨੇ ਦੱਸਿਆ ਕਿ ਹੁਣ ਵੀ ਪੁਲੀਸ ਵਾਰ ਵਾਰ ਪਿੰਡ ਵਿੱਚ ਗੇੜੇ ਮਾਰ ਕੇ ਇਨ੍ਹਾਂ ਕਿਸਾਨਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ । ਉਨ੍ਹਾਂ ਕਿਹਾ ਕਿ ਪੁਲੀਸ ਅਸਲ ਦੋਸ਼ੀ ਨੂੰ ਲੱਭਣ ਦੀ ਬਜਾਏ ਆਪਣੇ ਕੰਮਕਾਰ ਕਰ ਰਹੇ ਲੋਕਾਂ ਨੂੰ ਤੰਗ ਕਰਨ ਵਿੱਚ ਲੱਗੀ ਹੋਈ ਹੈ । ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੁਲਸ ਨੇ ਏਦਾਂ ਹੀ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਜਾਰੀ ਰੱਖਿਆ ਤਾਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਇਸ ਦੇ ਖ਼ਿਲਾਫ਼ ਤਿੱਖਾ ਸੰਘਰਸ਼ ਕਰੇਗੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਕਰਮ ਬਾਰੇ ਕੇ ਸੁਰਜੀਤ ਸਿੰਘ ਗੁਰਭੇਜ ਸਿੰਘ ਟਿੱਬੀ ਕਲਾਂ ਓਮ ਪ੍ਰਕਾਸ਼ ਲੱਖਾ ਹਾਜ਼ੀ ਬਿੱਟੂ ਅਨਾਇਤ ਕੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ ।

# ਵਿਧਾਇਕ ਢਿੱਲੋਂ, ਲੱਖਾ ਤੇ ਮੇਅਰ ਸੰਧੂ ਵੱਲੋਂ 200 ਕਿਊਸਿਕ ਨਹਿਰੀ ਪਾਣੀ ਬੁੱਢੇ ਨਾਲੇ 'ਚ ਛੱਡਣ ਦੇ ਪ੍ਰੋਜੈਕਟ ਦਾ ਕੀਤਾ ਉਦਘਾਟਨ

**ਲੁਧਿਆਣਾ/ਲੋਕ ਬਾਣੀ**

ਬੁੱਢੇ ਨਾਲੇ ਨੂੰ ਮੁੜ ਬੁੱਢੇ ਦਰਿਆ ਦਾ ਰੂਪ ਦੇਣ ਦੇ ਮੱਦੇਨਜ਼ਰ, ਵਿਧਾਇਕ ਸਮਰਾਲਾ ਸ. ਅਮਰੀਕ ਸਿੰਘ ਢਿੱਲੋਂ, ਵਿਧਾਇਕ ਪਾਇਲ ਲਖਬੀਰ ਸਿੰਘ ਲੱਖਾ ਅਤੇ ਲੁਧਿਆਣਾ ਦੇ ਮੇਅਰ ਸ. ਬਲਕਾਰ ਸਿੰਘ ਸੰਧੂ ਵੱਲੋਂ ਅੱਜ 9.80 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਦਾ ਉਦਘਾਟਨ ਕੀਤਾ ਜਿਸ ਦੇ ਤਹਿਤ ਰੋਜ਼ਾਨਾ 200 ਕਿਉਸਕ ਤਾਜ਼ਾ ਪਾਣੀ ਛੱਡਿਆ ਜਾਵੇਗਾ। ਨੀਲੋਂ ਪਿੰਡ ਨੇੜੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਵਿਧਾਇਕਾਂ ਅਤੇ ਮੇਅਰ ਨੇ ਕਿਹਾ ਕਿ ਇਹ ਕੰਮ ਸਰਹਿੰਦ ਨਹਿਰ ਦੇ ਨੀਲੋਂ ਡਰੇਨ ਰਾਹੀਂ ਨਹਿਰੀ ਪਾਣੀ ਨੂੰ ਨਾਲੇ ਵਿੱਚ ਛੱਡ ਕੇ ਬੁੱਢੇ ਨਾਲੇ ਨੂੰ ਸਾਫ਼ ਕਰਨ ਦੇ 650 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਦਾ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਪ੍ਰਾਜੈਕਟ ਅਧੀਨ, ਕਾਰਜਕਾਰੀ ਏਜੰਸੀ ਜਲ ਸਰੋਤ ਵਿਭਾਗ ਨੇ ਸ਼ੀਟ ਪਾਇਲਿੰਗ ਤਕਨੀਕ ਦੀ ਵਰਤੋਂ ਕਰਦੇ ਹੋਏ, ਸਰਹਿੰਦ ਨਹਿਰ ਤੋਂ 200 ਕਿਉਕਿਸ ਪਾਣੀ ਲਿਜਾਣ ਲਈ ਇੱਕ ਏਸਕੇਪ ਰੈਗੂਲੇਟਰ ਦਾ ਨਿਰਮਾਣੈ, ਚਾਰ ਪਿੰਡਾਂ ਦੀਆਂ ਸੜਕਾਂ ਦੇ ਪੁਲ, ਪੰਜ ਖੇਤ ਮਾਰਗ, ਦੋ ਡਿੱਗੀਆਂ ਦੀ ਮੁਰੰਮਤ ਅਤੇ ਪਰਤ, ਤਿੰਨ ਪਿੰਡਾਂ ਦੀ ਸੜ੍ਹਕ 'ਤੇ ਪੁਲਾਂ ਦੀ ਮੁਰੰਮਤ ਅਤੇ ਨੀਲੋਂ ਨਹਿਰ ਦੀ ਸਫਾਈ ਦਾ ਕੰਮ ਅੱਠ ਮਹੀਨਿਆਂ ਦੇ ਰਿਕਾਰਡ ਸਮੇਂ ਦੇ ਅੰਦਰ ਮੁਕੰਮਲ ਹੋ ਚੁੱਕਾ ਹੈ। ਇਸ ਪ੍ਰਾਜੈਕਟ ਨੂੰ ਨਗਰ ਨਿਗਮ ਲੁਧਿਆਣਾ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਦੁਆਰਾ ਫੰਡ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੁੱਢੇ ਦਰਿਆ ਨੂੰ ਮੂਲ ਰੂਪ ਦੇਣ ਅਤੇ ਇਸ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਵਚਨਬੱਧ ਹੈ ਅਤੇ ਇਹ ਇਸ ਵਿਸ਼ਾਲ ਕਾਰਜ ਦੀ ਸਿਰਫ ਸ਼ੁਰੂਆਤ ਹੈ ਜੋ ਡਰੇਨ ਵਿੱਚੋਂ ਜ਼ਹਿਰੀਲੇ ਪਦਾਰਥਾਂ ਦਾ ਸਫਾਇਆ ਕਰਨ ਵਿੱਚ ਸਹਾਈ ਸਿੱਧ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਵਿੱਚ ਕੁੱਲ ਸਮਰੱਥਾ 285 ਐਮ.ਐਲ.ਡੀ. (ਜਮਾਲਪੁਰ 225 ਐਮ.ਐਲ.ਡੀ. ਅਤੇ ਬਾਲੋਕੇ 60 ਐਮ.ਐਲ.ਡੀ.) ਦੇ ਘਰੇਲੂ ਪਾਣੀ ਨੂੰ ਸਾਫ ਕਰਨ ਲਈ ਦੋ ਨਵੇਂ ਸੀਵਰੇਜ਼ ਟ੍ਰੀਟਮੈਂਟ ਪਲਾਂਟਾਂ (ਐਸ.ਟੀ.ਪੀ.) ਦੀ ਸਥਾਪਨਾ, 418 ਐਮ.ਐਲ.ਡੀ. ਦੀ ਟ੍ਰੀਟਮੈਂਟ ਸਮਰੱਥਾ ਵਾਲੇ ਮੌਜੂਦਾ ਐਸ.ਟੀ.ਪੀ. ਦਾ ਮੁੜ ਵਸੇਬਾ, ਤਾਜ਼ਪੁਰ ਅਤੇ ਹੈਬੋਵਾਲ ਦੇ ਦੋ ਡੇਅਰੀ ਕੰਪਲੈਕਸ ਤੋਂ 6 ਐਮ.ਐਲ.ਡੀ. ਗੰਦੇ ਪਾਣੀ ਨੂੰ ਸ਼ੁੱਧ ਕਰਨ ਲਈ ਟ੍ਰੀਟਮੈਂਟ ਪਲਾਂਟ (ਈ.ਟੀ.ਪੀ.), 10 ਕਿਲੋਮੀਟਰ ਪਾਈਪ ਲਾਈਨ ਵਿਛਾਉਣ ਅਤੇ 10 ਸਾਲਾਂ ਲਈ ਪੂਰੇ ਬੁਨਿਆਦੀ ਢਾਂਚੇ ਦੇ ਸੰਚਾਲਨ ਅਤੇ ਸਾਂਭ-ਸੰਭਾਲ ਸ਼ਮਾਲ ਹਨ।

# ਸਰਕਾਰੀ ਸਕੂਲਾਂ/ਕਾਲਜਾਂ ਦੇ 92.65 ਫੀਸਦੀ ਸਟਾਫ ਦਾ ਮੁਕੰਮਲ ਟੀਕਾਕਰਨ ਹੋਇਆ : ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ

**ਜਲੰਧਰ/ਰਾਕੇਸ਼ ਵਰਮਾ**

■ ਕਿਹਾ, 25 ਅਗਸਤ ਤੱਕ ਸੌ ਫੀਸਦੀ ਸਟਾਫ ਨੂੰ ਕਵਰ ਕਰਨ ਦਾ ਟੀਚਾ

ਡਿਪਟੀ ਕਮਿਸ਼ਨਰ, ਜਲੰਧਰ ਸ਼੍ਰੀ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਜ਼ਿਲ੍ਹੇ ਵਿਚਲੇ ਸਰਕਾਰੀ ਸਕੂਲਾਂ/ਕਾਲਜਾਂ ਦੇ 92.65 ਫੀਸਦੀ ਸਟਾਫ ਦਾ ਮੁਕੰਮਲ ਟੀਕਾਕਰਨ ਹੋ ਚੁੱਕਿਆ ਹੈ ਅਤੇ 25 ਅਗਸਤ ਤੱਕ ਸੌ ਫੀਸਦੀ ਸਟਾਫ ਨੂੰ ਵੈਕਸੀਨੇਸ਼ਨ ਤਹਿਤ ਕਵਰ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਸਰਕਾਰੀ ਸਕੂਲਾਂ/ਕਾਲਜਾਂ ਵਿਚਲੇ 7553 ਸਟਾਫ ਵਿੱਚੋਂ ਹੁਣ ਤੱਕ 6998 (92.65 ਫੀਸਦੀ) ਦਾ ਮੁਕੰਮਲ ਟੀਕਾਕਰਨ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ 1597 ਦਿਵਿਆਂਗ (ਪਰਸਨਜ਼ ਵਿਦ ਡਿਸਅਬਿਲਟੀਜ਼) ਵੀ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਥੋੜੇ ਸਮੇਂ ਵਿੱਚ ਸਮੁੱਚੇ ਸਕੂਲ ਅਧਿਆਪਕਾਂ ਨੂੰ ਕਵਰ ਕਰਨ ਦੇ ਮੰਤਵ ਨਾਲ ਜਲ੍ਹਿੇ ਵਿੱਚ ਵਿਸ਼ੇਸ਼ ਕੋਵਿਡ-19 ਕੈਂਪ ਲਗਾਉਣ ਦੀ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਸੀ.ਐਚ.ਸੀ. ਕਾਲਾ ਬੱਕਰਾ, ਆਦਮਪੁਰ, ਫਿਲੌਰ, ਪੀ.ਐਚ.ਸੀ. ਬਿਲਗਾ, ਨੂਰਮਹਿਲ, ਜੰਡਿਆਲਾ, ਬੜਾ ਪਿੰਡ, ਜਮਸੇਰ ਖਾਸ, ਸੀ.ਐਚ.ਸੀ. ਕਰਤਾਰਪੁਰ, ਨਕੋਦਰ, ਸੀ.ਐਚ.ਸੀ. ਲੋਹੀਆਂ ਖਾਸ, ਸਾਹਕੋਟ, ਮਹਿਤਪੁਰ ਅਤੇ ਸਹਿਰੀ ਜਲੰਧਰ ਵਿਖੇ ਕੈਂਪ ਲਗਾ ਕੇ ਟੀਕਾਕਰਨ ਤੋਂ ਰਹਿੰਦੇ ਸਕੂਲਾਂ/ਕਾਲਜਾਂ ਦੇ ਸਟਾਫ ਕਵਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 25 ਅਗਸਤ ਤੱਕ ਸੌ ਫੀਸਦੀ ਸਟਾਫ ਨੂੰ ਟੀਕਾਕਰਨ ਤਹਿਤ ਕਵਰ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਟੀਕਾਕਰਨ ਪੂਰਾ ਕੀਤੇ ਬਿਨਾਂ ਕਿਸੇ ਨੂੰ ਵੀ ਸਕੂਲ ਦੀਆਂ ਕਲਾਸਾਂ ਵਿੱਚ ਜਾਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਸਪੱਸਟ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਨਾਲ ਕਿਸੇ ਵੀ ਕੀਮਤ 'ਤੇ ਸਮਝੌਤਾ ਨਹੀਂ ਕੀਤਾ ਜਾ ਸਕਦਾ ਅਤੇ ਇਸ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਸਕੂਲਾਂ ਵਿੱਚ ਸਮਾਜਿਕ ਦੂਰੀ, ਮਾਸਕ ਪਹਿਨਣਾ ਆਦਿ ਸਮੇਤ ਕੋਵਿਡ-19 ਢੁੱਕਵੇਂ ਵਿਵਹਾਰ ਦੀ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਅਤੇ ਉਨ੍ਹਾਂ ਸਾਰੇ ਅਧਿਆਪਕਾਂ, ਜਿਨ੍ਹਾਂ ਅਜੇ ਤੱਕ ਆਪਣਾ ਟੀਕਾਕਰਨ ਪੂਰਾ ਨਹੀਂ ਕੀਤਾ, ਨੂੰ ਇਨ੍ਹਾਂ ਕੈਂਪਾਂ ਵਿੱਚ ਜਾ ਕੇ ਟੀਕਾਕਰਨ ਕਰਵਾਉਣ ਦੀ ਅਪੀਲ ਕੀਤੀ।

# ਜਲੰਧਰ ਵਿਚ ਰਖੜੀ ਮੋਕੇ ਸਵੀਟ ਸ਼ਾਪਾ ਤੇ ਕੋਰੋਨਾ ਨੂੰ ਦਿੱਤਾ ਗਿਆ ਸੱਦਾ

**ਜਲੰਧਰ/ਸੰਤੋਸ਼ ਰਾਏ :** ਕੋਰੋਨਾ ਨੇ ਲੱਖਾਂ ਲੋਕਾਂ ਦੀ ਜਾਨ ਲੈ ਲਈ ਤੇ ਸਰਕਾਰ ਤੇ ਸਵਾਸਥ ਵਿਭਾਗ ਵੱਲੋਂ ਦੇਸ਼ ਵਿਚ ਮਾਸਕ ਪਾਉਣ ਤੇ ਸ਼ੋਸ਼ਲ ਦੂਰੀ ਰਖਣ ਲਈ ਕਿਹਾ ਗਿਆ ਹੈ ਤਾ ਜੋ ਇਸ ਬਿਮਾਰੀ ਤੋ ਬਚਿਆ ਜਾ ਸਕੇ ਪਰ ਜਲੰਧਰ ਦੇ ਸਵੀਟ ਸ਼ਾਪਾ ਤੇ ਸ਼ਰੇਆਮ ਇੰਨਾ ਸਰਕਾਰ ਦੇ ਹੁਕਮਾਂ ਦੀਆਂ ਧਜੀਆਂ ਉਡੀਆ ਤੇ ਪੂਰਾ ਰਸ਼ ਨਜਰ ਆਇਆ ਜਿਸ ਤਰ੍ਹਾਂ ਕੀ ਕੋਰੋਨਾ ਹੈ ਹੀ ਨਹੀਂ ਲੋਕ ਬਾਣੀ ਟੀਮ ਨੇ ਸ਼ਹਿਰ ਦੇ ਕਈ ਦੁਕਾਨਾਂ ਦਾ ਦੋਰਾ ਕੀਤਾ ਪਰ ਦੁਕਾਨ ਮਾਲਕ ਤੇ ਕਰਿੰਦੇ ਆਪਣੇ ਆਪ ਨੂੰ ਮਾਲਕ ਦਸ ਕੋਰੋਨਾ ਫੈਲਾਉਣ ਦੇ ਠੇਕੇਦਾਰ ਨਜਰ ਆਏ ਕੀ ਪ੍ਰਸ਼ਾਸਨ ਇੰਨਾ ਦੀਆਂ ਕੋਰੋਨਾ ਫੈਲਾਉਣ ਵਾਲਿਆਂ ਦੁਕਾਨਾਂ ਖਿਲਾਫ ਕਾਰਵਾਈ ਕਰੇਗਾ।

# ਦਫਤਰ ਵਿਚ ਫੈਲੇ ਭ੍ਰਿਸਟਾਚਾਰ ਦੀ ਸ਼ਿਕਾਇਤ ਦਰਜ ਕਰਵਾਉਣ ਵਾਲੇ ਕਰਮਚਾਰੀ ਨੂੰ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ : ਅਨੇਕ ਚੰਦ ਪਾਹੜਾ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ :** ਜਲ ਨਿਕਾਸ ਮੰਡਲ ਗੁਰਦਾਸਪੁਰ ਵਿੱਚ ਫੈਲੇ ਭ੍ਰਿਸਟਾਚਾਰ ਨੂੰ ਬੇ ਪਰਦ ਕਰਨ ਵਾਲੇ ਦਰਜਾ ਚਾਰ ਕਰਮਚਾਰੀ ਨੂੰ ਜਾਂਚ ਪੜਤਾਲ ਕਰਨ ਦੀ ਆੜ ਹੇਠ ਤੰਗ ਪ੍ਰੇਸਾਨ ਕਰਨ ਦਾ ਡੈਮੋਕ੍ਰੇਟਿਕ ਮੁਲਾਜਮ ਫੈਡਰੇਸਨ ਪੰਜਾਬ ਗੁਰਦਾਸਪੁਰ ਨੇ ਸਖਤ ਨੋਟਿਸ ਲਿਆ ਹੈ। ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਅਨੇਕ ਚੰਦ ਪਾਹੜਾ ਨੇ ਕਿਹਾ ਕਿ ਜਲ ਨਿਕਾਸ ਮੰਡਲ ਗੁਰਦਾਸਪੁਰ ਦੇ ਮਲਿਕ ਪੁਰ ਬ੍ਰਾਂਚ ਵਿਚ ਦਰਜਾ ਚਾਰ ਅਸਾਮੀ ਤੇ ਤੈਨਾਤ ਰੋਹਿਤ ਕੁਮਾਰ ਕਾਰਜਕਾਰੀ ਇੰਜੀਨੀਅਰ ਉਪ ਮੰਡਲ ਗੁਰਦਾਸਪੁਰ ਦੇ ਧਿਆਨ ਵਿੱਚ ਦਫਤਰ ਵਿਚ ਫੈਲੇ ਭ੍ਰਿਸਟਾਚਾਰ ਬਾਰੇ ਲਿਖਤੀ ਜਾਣਕਾਰੀ ਦਿੰਦੇ ਹੋਏ ਸੰਬਧਿਤ ਕਰਮਚਾਰੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਰੋਹਿਤ ਕੁਮਾਰ ਨੇ ਸੰਬਧਿਤ ਕਰਮਚਾਰੀਆਂ ਤੇ ਬਦਲੀ ਦੇ ਪੈਸੇ ਲੈਣ, ਕਣਕ ਕਰਜਾ ਦੇਣ ਸਮੇਂ ਨਗਦ ਰਿਸਵਤ ਲੈਣ, ਅਤੇ 4-9-14 ਏ ਸੀ ਪੀ ਦਾ ਬਕਾਇਆ ਖਜਾਨੇ ਵਿਚੋਂ ਜਾਰੀ ਕਰਵਾਉਣ ਲਈ ਕਥਿਤ ਤੌਰ ਤੇ ਰਿਸਵਤ ਦੇਣ ਦੇ ਦੋਸ ਲਗਵਾਏ ਸਨ। ਦਫਤਰ ਵਲੋਂ ਪੀੜਤ ਕਰਮਚਾਰੀ ਨੂੰ ਇਨਸਾਫ ਦੇਣ ਦੀ ਬਜਾਏ ਜਾਂਚ ਪੜਤਾਲ ਕਰਨ ਦੀ ਆੜ ਹੇਠ ਸਕਿਾਇਤ ਵਾਪਸ ਲੈਣ ਅਤੇ ਸਮਝੌਤਾ ਕਰਨ ਦਾ ਦਬਾਅ ਪਾਇਆ ਜਾ ਰਿਹਾ ਹੈ। ਮੁਲਾਜਮ ਆਗੂ ਨੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਜਾਂਚ ਪੜਤਾਲ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਨਿਰਪੱਖ ਜਾਂਚ ਪੜਤਾਲ ਕਰਕੇ ਦੋਸੀਆਂ ਨੂੰ ਸਜਾ ਦਿਵਾਉਣ ਦੀ ਕਾਰਵਾਈ ਕਰਨ। ਨਹੀਂ ਤਾਂ ਜਥੇਬੰਦੀ ਸੰਘਰਸ ਕਰਨ ਲਈ ਮਜਬੂਰ ਹੋਵੇਗੀ।

# ਮੋਟਰ ਸਾਈਕਲ ਚੋਰ ਵਲੋਂ ਧਾਰੀਵਾਲ ਸ਼ਹਿਰ ਇੱਕ ਹੋਰ ਵਾਰਦਾਤ ਨੂੰ ਅੰਜਾਮ

ਧਾਰੀਵਾਲ / ਰਾਜਨ ਬੱਬਰ /ਅੱਜ ਸ਼ਹਿਰ ਧਾਰੀਵਾਲ ਵਿਚ ਲਗਾਤਾਰ ਦੋ ਵਾਰਦਾਤਾ ਨੂੰ ਚੋਰ ਨੇ ਦਿੱਤਾ ਅੰਜਾਮ ਪਹਿਲਾ ਸੈਰ ਕਰਦੀ ਮਹਿਲਾ ਦੀਆਂ ਵਾਲੀਆਂ ਲੈ ਕੇ ਚੋਰ ਫਰਾਰ ਹੋ ਗਿਆ, ਅਤੇ ਦੂਜਾ ਗੁਰੂ ਘਰ ਤੋਂ ਦਰਸ਼ਨ ਕਰ ਕੇ ਆ ਰਹੀ ਮਹਿਲਾ ਦੀਆਂ ਵਾਲਿਆਂ ਲੈ ਕਰ ਰਫੂ ਚੱਕਰ ਹੋ ਗਿਆ, ਮੌਕੇ ਤੇ ਪੁਲਿਸ ਨੇ ਆ ਕੇ ਕਰਵਾਈ ਸ਼ੁਰੂ ਕਰ ਦਿਤੀ, ਵੱਧ ਰਹੇ ਨਸ਼ਿਆਂ ਕਰ ਕੇ ਕੇਨੋਜਵਾਨ ਆਪਣੇ ਆਪ ਨੂੰ ਰੋਕ ਨਹੀਂ ਪਾ ਰਹੇ ਅਤੇ ਨਸ਼ੇ ਦੀ ਦਲ ਦਲ ਵੱਲ ਵੱਧ ਰਹੇ ਹਨ ਜਿਸ ਕਰ ਕੇ ਲਗਾਤਾਰ ਚੋਰੀਆਂ ਅਤੇ ਲੁੱਟਾਂ ਖੋਹਾਂ ਕਰ ਰਹੇ ਹਨ ਮਿਲੀ ਸੂਚਨਾ ਅਨੁਸਾਰ ਚੋਰ ਨੇ ਆਪਣਾ ਮੂਹ ਰੁਮਾਲ ਨਾਲ ਲੁਕਾਇਆ ਸੀ ਤਾਂ ਜੋ ਓਹ ਵਾਰਦਾਤ ਨੂੰ ਅੰਜਾਮ ਦੇ ਸਕੇ ਇਸ ਲਈ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਵਿਚ ਹੋ ਰਹੀਆਂ ਵਾਰਦਾਤਾ ਨੂੰ ਕੰਟਰੋਲ ਕਿੱਤਾ ਜਾਵੇ ਤਾਂ ਜੋ ਲੋਕ ਆਰਾਮ ਨਾਲ ਰਹਿ ਸਕਣ।

# ਦਿਵਿਆ ਜਯੋਤੀ ਜਾਗ੍ਰਤੀ ਦੇ ਆਸ਼ਰਮ ਵਿੱਚ ਰੱਖੜੀ ਤਿਉਹਾਰ ਮਨਾਇਆ ਗਿਆ





**ਕਪੂਰਥਲਾ/ਪਰਮਜੀਤ ਸੰਨੀ**

ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਆਸਰਮ ਸ਼ੇਖੁਪੁਰ (ਕਪੂਰਥਲਾ) ਵਿਖ਼ੇ ਰੱਖੜੀ ਦਾ ਤਿਓਹਾਰ ਬੜੇ ਉਤਸਾਹ ਨਾਲ ਮਨਾਇਆ ਗਿਆ ਜਿਸ ਬਾਰੇ ਜਾਣਕਾਰੀ ਦਿੰਦਿਆਂ ਆਸ਼ੂਤੋਸ਼ ਮਹਾਰਾਜ ਦੀ ਸਾਧਵੀ ਗੁਰਪ੍ਰੀਤ ਭਾਰਤੀ ਜੀ ਨੇ ਰੱਖੜੀ ਦੇ ਸੁੱਭ ਦਿਨ ਦੀਆਂ ਸੁੱਭ ਕਾਮਨਾਵਾਂ ਦਿੰਦੇ ਹੋਏ ਕਿੱਹਾ ਕਿ ਭਾਰਤ ਤਿਓਹਾਰਾਂ ਅਤੇ ਅਧਿਆਤਮ ਨਾਲ ਭਰਿਆ ਦੇਸ਼ ਹੈ ਜਿਥੇ ਹਰ ਤਿਓਹਾਰ ਇੱਕ ਗਹਿਰਾ ਸੰਦੇਸ ਲੈ ਕੇ ਆਉਂਦਾ ਹੈ ਜਿਵੇਂ ਰੱਖੜੀ ਰੱਖਿਆ ਦਾ ਬਚਨ ਲੈਂਣ ਦਾ ਦਿਨ ਹੈ ਰੱਖਿਆ ਦੇ ਬਚਨ ਦੀ ਗੱਲ ਕਰਦਿਆਂ ਦੇਸ਼ ਦੇ ਸੈਨਿਕਾਂ ਅੱਗੇ ਸਿਰ ਝੁੱਕ ਜਾਂਦਾ ਹੈ ਜੋ ਦਿਨ ਰਾਤ ਦੇਸ਼ ਦੀ ਰਾਖੀ ਕਰਦੇ ਹੋਏ ਆਪਣੇ ਦੇਸ਼ ਨੂੰ ਦਿੱਤੇ ਆਪਣੇ ਬਚਨ ਨੂੰ ਨਿਭਾਉਂਦੇ ਹਨ ਰੱਖੜੀ ਵਾਲੇ ਦਿਨ ਇੱਕ ਭੈਂਣ ਆਪਣੇ ਭਰਾ ਦੇ ਗੁੱਟ ਤੇ ਧਾਗਾ ਬੰਨਕੇ ਆਪਣੀ ਰਾਖੀ ਕਰਨ ਦਾ ਬਚਨ ਲੈਂਦੀ ਹੈ ਇਹ ਰੱਖੜੀ ਦਾ ਇੱਕ ਸਮਾਜਿਕ ਪੱਖ ਹੈ ਜਿਵੇਂ ਮਾਤਾ ਲਕਸ਼ਮੀ ਨੇ ਰਾਜਾ ਬਲੀ ਦੇ ਗੁੱਟ ਤੇ ਧਾਗਾ ਬੰਨਕੇ ਸ੍ਰੀ ਹਰੀ ਨੂੰ ਪ੍ਰਾਪਤ ਕਰ ਲਿਆ ਪਰ ਅੱਜ ਦੇ ਵਾਤਾਵਰਣ ਵਿਚ ਜਿੱਥੇ ਰਿਸ਼ਤਿਆਂ ਦੀ ਪਵਿੱਤਰਤਾ ਨਜ਼ਰ ਨਹੀਂ ਅਉਂਦੀ ਉਥੇ ਰੱਖੜੀ ਕੇਵਲ ਇੱਕ ਲੈਂਣ ਦੇਣ ਦਾ ਕਾਰਨ ਬਣ ਕੇ ਰਹਿ ਗਈ ਰਾਖੀ ਕਰਨ ਵਾਲਾ ਭਰਾ ਦਾ ਵਚਨ ਜਿਵੇਂ ਗੁੰਮ ਹੋ ਗਿਆ ਲੱਗਦਾ ਹੈ ਪਰ ਸਾਡੇ ਗ੍ਰੰਥਾਂ ਵਿਚ ਇਕ ਐਸੇ ਰਿਸਤੇ ਦਾ ਵਰਣਨ ਆਉਂਦਾ ਹੈ ਜੋ ਸਦਾ ਸਾਡਾ ਸਾਥ ਦੇਣ ਲਈ ਬੱਚਨਬੱਧ ਹੈ ਜੋ ਕਦੀ ਸਾਥ ਨਹੀਂ ਛੱਡਦਾ ਉਹ ਹੈ ਗੁਰੂ ਅਤੇ ਸੇਵਕ ਦਾ ਰਿਸਤਾ ਜਿਸ ਬਾਰੇ ਕਿਹਾ ਗਿਆ ਹੈ ਕਿ ਰੱਖੜੀ ਵਾਲੇ ਦਿਨ ਇੱਕ ਭਗਤ ਆਪਣੇ ਗੁਰੂ ਨੂੰ ਆਂਪਣੀ ਭਾਵਨਾ ਦਾ ਧਾਗਾ ਅਰਪਿਤ ਕਰਦਾ ਹੋਇਆ ਪ੍ਰਾਰਥਨਾ ਕਰਦਾ ਹੈ ਕਿ ਸਤਿਗੁਰੁ ਮੈਂ ਆਪ ਨੂੰ ਰੱਖੜੀ ਦਾ ਧਾਗਾ ਭੇਟ ਕਰਦਾ ਹਾਂ ਮੇਰੇ ਵਿਸ਼ਵਾਸ ਅਤੇ ਸ਼ਰ੍ਧਾ ਦੀ ਰੱਖਿਆ ਕਰਨਾ।

# ਜ਼ਿਲ੍ਹਾ ਲੁਧਿਆਣਾ ਵਿੱਚ ਅੱਜ ਫੇਰ 8681 ਸੈਂਪਲ ਲਏ

**ਲੁਧਿਆਣਾ/ਸੁਖਚੈਨ ਮਹਿਰਾ**

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਅੱਜ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਦਿਨ ਵਿੱਚ ਸ਼ੱਕੀ ਮਰੀਜ਼ਾਂ ਦੇ 8681 ਸੈਂਪਲ ਲਏ ਗਏ। ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 87456 ਮਰੀਜ਼ਾਂ ਵਿਚੋਂ 97.55% (85314 ਕੋਵਿਡ ਪੋਜ਼ਟਿਵ ਮਰੀਜ਼) ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਕੁਝ ਹੋਰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਦੋਂ ਵੀ ਕੋਈ ਵਿਅਕਤੀ ਦੇ ਕੋਵਿਡ-19 ਦੇ ਪੀੜਤ ਹੋਣ ਜਾਂ ਸ਼ੱਕ ਬਾਰੇ ਪਤਾ ਲੱਗਦਾ ਹੈ ਤਾਂ ਤੁਰੰਤ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਂਦੇ ਹਨ। ਇਨ੍ਹਾਂ ਸੈਂਪਲਾਂ ਦੀ ਗਿਣਤੀ ਰੋਜ਼ਾਨਾ ਸੈਕੜਿਆਂ ਵਿੱਚ ਹੈ। ਇਸੇ ਤਰ੍ਹਾਂ ਅੱਜ ਵੀ 8681 ਸ਼ੱਕੀ ਵਿਅਕਤੀਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਲਦ ਹੀ ਉਨ੍ਹਾਂ ਦੇ ਨਤੀਜੇ ਮਿਲਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 47 ਪੋਜ਼ਟਿਵ ਮਰੀਜ਼ ਹਨ। ਜ਼ਿਲ੍ਹੇ ਵਿੱਚ ਹੁਣ ਤੱਕ ਤੰਦਰੁਸਤ ਹੋਏ ਮਰੀਜ਼ਾਂ ਦੀ ਸੰਖਿਆ 85314 ਹੋ ਗਈ ਹੈ।

ਉਨ੍ਹਾਂ ਕਿਹਾ ਕਿ ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਕੁਲ 4 ਮਰੀਜ਼ (ਜੋਕਿ ਜ਼ਿਲ੍ਹਾ ਲੁਧਿਆਣਾ ਸਬੰਧਤ ਹਨ) ਪਾਏ ਗਏ ਹਨ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 2206937 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 2107831 ਨਮੂਨੇ ਨੈਗਟਿਵ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਲੁਧਿਆਣਾ ਨਾਲ ਸਬੰਧਤ ਕੁਲ ਮਰੀਜ਼ਾਂ ਦੀ ਗਿਣਤੀ 87456 ਹੈ, ਜਦਕਿ 11650 ਮਰੀਜ਼ ਦੂਜੇ ਜ਼ਿਲ੍ਹਿਆਂ/ਰਾਜਾਂ ਨਾਲ ਸਬੰਧਤ ਹਨ।

ਉਨ੍ਹਾਂ ਕਿਹਾ ਕਿ ਹੁਣ ਕੋਰੋਨਾ ਤੋਂ ਪੀੜਤ ਮਰੀਜ਼ਾਂ ਦੀ ਮੌਤ ਦੀ ਕੁੱਲ ਗਿਣਤੀ ਲੁਧਿਆਣਾ ਤੋਂ 2095 ਅਤੇ 1048 ਦੂਜੇ ਜ਼ਿਲਿਆਂ ਨਾਲ ਸਬੰਧਤ ਹਨ।

ਸ੍ਰੀ ਸ਼ਰਮਾ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ, ਜਿਸ ਨਾਲ ਉਹ ਨਾ ਸਿਰਫ ਆਪ ਸੁਰੱਖਿਅਤ ਰਹਿਣਗੇ, ਬਲਕਿ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਯੋਗਦਾਨ ਪਾਉਣਗੇ।

# ਸੰਸਕਾਰ ਦੀ ਘਾਟ

ਅੱਜ ਅਚਾਨਕ ਚਰੁਸਤੇ ਵਿੱਚ ਬੰਤੋਂ ਦੀ ਮੁਲਾਕਾਤ ਸੰਤੋਂ ਨਾਲ ਹੋ ਗਈ, ਅਜੇ ਦੋਨਾਂ ਨੇ ਇੱਕ ਦੂਜੇ ਦਾ ਹਾਲ ਚਾਲ ਹੀ ਮਸਾਂ ਪੁੱਛਿਆਂ ਸੀ ਕਿ ਨਿੰਮੀ ਵੀ ਆ ਟੱਪਕੀ, ਤਿੰਨਾਂ ਦਾ ਵਿਆਹ ਅੱਗੇ ਪਿੱਛੇ ਹੀ ਹੋਇਆ ਸੀ, ਤੇ ਇਹ ਸਹੇਲੀਆਂ ਵੀ ਪੱਕੀਆਂ ਸਨ, ਘਰਾਂ ਦੇ ਰੁਝੇਵੇ ਅਤੇ ਕਈ ਮਜ਼ਬੂਰੀਆਂ ਕਰਕੇ ਤਿੰਨੋ ਇਕੱਠੀਆਂ ਨਾ ਹੋ ਸਕੀਆਂ, ਅੱਜ ਬੰਤੋ ਤੇ ਸੰਤੋ ਨੇ ਆਪਣੇ ਜਵਾਕਾਂ ਦੀਆਂ ਸਿੱਫਤਾਂ ਦੀਆਂ ਝੜੀਆਂ ਲਾ ਦਿੱਤੀਆਂ , ਨਿੰਮੀ ਨੇ ਕੁੱਝ ਨਾ ਕਿਹਾ, ਉਧਰੋਂ ਸਕੂਲ ਦੀ ਛੁੱਟੀ ਦਾ ਸਮਾਂ ਵੀ ਹੋ ਗਿਆ ਸੀ, ਜਿਵੇਂ ਹੀ ਬੰਤੋ ਦਾ ਮੂੰਡਾ ਮੋਟਰ ਸਾਇਕਲ ਤੇ ਲੰਘਿਆਂ ਤਾਂ ਬੰਤੋਂ ਨੇ ਆਕੜ ਕੇ ਕਿਹਾ ਮੇਰਾ ਤਾਂ ਮੁੰਡਾ ਬਹੁਤ ਵੱਡੇ ਸਕੂਲ ਵਿੱਚ ਪੜ੍ਹਦਾ ਹੈ, ਇਸ ਦੀ ਫੀਸ ਵੀ ਮਹੀਨੇ ਦੀ ਤੀਹ ਹਜ਼ਾਰ ਹੈ,ਤੇ ਹੋਰ ਖਰਚੇ ਵੱਖਰੇ। ਥੋੜ੍ਹੀ ਦੇਰ ਬਾਅਦ ਸੰਤੋਂ ਦਾ ਮੁੰਡਾ ਕੋਲੋ ਦੀ ਲੰਘਿਆ ਉਹ ਵੀ ਅਨਫੀਲ਼ਡ ਮੋਟਰ ਸਾਇਕਲ ਤੇ ਸੀ, ਮਾਂ ਪੁੱਤ ਨੂੰ ਦੇਖ ਕੇ ਵਾਹ-ਵਾਹ ਕਰਨ ਲੱਗੀ।ਸੰਤੋਂ ਨੇ ਸਿਫਤਾਂ ਦੀਆਂ ਐਨੀਆਂ ਝੜੀਆਂ ਲਾਈਆਂ ਕਿ ਬੰਤੋ ਵੀ ਉਸ ਦੇ ਸਾਹਮਣੇ ਨਿੰਮੋਂ ਝੂਣੀ ਹੋ ਗਈ। ਥੋੜ੍ਹੀ ਦੇਰ ਬਾਅਦ ਨਿੰਮੀ ਦਾ ਪੁੱਤਰ ਪੈਦਲ ਦੂਰੋ ਆਉਦਾਂ ਦਿਸਿਆ ,ਜੋ ਕਿ ਸਰਕਾਰੀ ਸਕੂਲ ਵਿੱਚੋਂ ਪੜ੍ਹ ਕੇ ਆ ਰਿਹਾ ਸੀ, ਉਸ ਨੇ ਕੋਲ ਆ ਕਿ ਮਾਂ ਅਤੇ ਸੰਤੋਂ, ਬੰਤੋ ਦੇ ਪੈਰੀ ਹੱਥ ਲਾਇਆ, ਮਾਂ ਦੇ ਚਿਹਰੇ ਤੇ ਆਏ ਪਸੀਨੇ ਨੂੰ ਉਸਨੇ ਆਪਣੇ ਕੂਲੇ-ਕੂਲੇ ਹੱਥਾਂ ਨਾਲ ਪੂੰਝਿਆ ਤੇ ਸਾਰਿਆਂ ਦੀ ਰਾਜ਼ੀ ਖੁਸ਼ੀ ਪੁੱਛੀ, ਮਾਂ ਆਪਣੇ ਪੁੱਤਰ ਨੂੰ ਨਾਲ ਲੈ ਕਿ ਘਰ ਵੱਲ ਨੂੰ ਚੱਲ ਪਈ।ਇਹ ਦੇਖ ਕਿ ਬੰਤੋਂ ਤੇ ਸੰਤੋਂ ਦਾ ਮੰਨ ਤਾਂ ਬਹੁਤ ਖੁਸ਼ ਹੋਇਆ ਪਰ ਉਹ ਇਸ ਖੁਸ਼ੀ ਨੂੰ ਜਾਹਰ ਕਰਕੇ ਹੋਰ ਸ਼ਿਰਮਿੰਦਗੀ ਨਹੀਂ ਸੀ ਝੱਲ ਸਕਦੀਆਂ , ਸੰਤੋਂ ਤੇ ਬੰਤੋਂ ਦੇ ਚਿਹਰੇ ਤੇ ਚੰਗੇ ਸੰਸਕਾਰ ਨਾ ਦੇ ਸਕਣ ਦਾ ਦੱਖ ਹੁਣ ਸਾਫ ਨਜ਼ਰ ਆ ਰਿਹਾ ਸੀ।

Santosh Rai
Sub Editor (LokBani)



# ਸ਼੍ਰੀ ਬਾਲਾ ਜੀ ਮਹਾਰਾਜ ਨੂੰ ਪੂਰਨਮਾਸ਼ੀ ਮੌਕੇ ਨਵਾਂ ਚੋਲਾ ਚੜਾਇਆ ਗਿਆ



**ਸੁਨਾਮ/ਵਰਮਾ**

ਇੱਛਾਪੂਰਤੀ ਸ਼੍ਰੀ ਬਾਲਾ ਜੀ ਧਾਮ ਵਿਖੇ ਪੂਰਨਮਾਸ਼ੀ ਦੇ ਸ਼ੁਭ ਮੌਕੇ ਤੇ ਸ਼੍ਰੀ ਬਾਲਾ ਜੀ ਮਹਾਰਾਜ ਨੂੰ ਨਵਾਂ ਚੋਲਾ ਚੜ੍ਹਾਇਆ ਗਿਆ। ਚੋਲੇ ਦੀ ਰਸਮ ਮੁਨੀਸ਼ ਗਰਗ ( ਮੋਨੂੰ ) ਨੇ ਨਿਭਾਈ। ਇਸ ਤੋਂ ਬਾਅਦ ਸ਼੍ਰੀ ਹਨੂਮਾਨ ਚਾਲੀਸਾ ਦਾ ਪਾਠ, ਸ਼੍ਰੀ ਬਾਲਾ ਜੀ ਮਹਾਰਾਜ ਦੀ ਆਰਤੀ ਅਤੇ ਸ਼੍ਰੀ ਰਾਮ ਸਤੁਤੀ ਦਾ ਪਾਠ ਕੀਤਾ ਗਿਆ। ਜਿਸ ਨਾਲ ਸਾਰਾ ਮਾਹੌਲ ਜੈ ਸ਼੍ਰੀ ਰਾਮ-ਜੈ ਸ਼੍ਰੀ ਬਾਲਾ ਜੀ ਦੇ ਜੈਕਾਰਿਆ ਨਾਲ ਗੂੰਜ ਉੱਠਿਆ। ਇਸ ਤੋਂ ਬਾਅਦ ਸ਼੍ਰੀ ਬਾਲਾਜੀ ਮਹਾਰਾਜ ਨੂੰ ਲੱਡੂਆਂ ਦਾ ਭੋਗ ਲਗਾਇਆ ਗਿਆ। ਮੰਦਿਰ ਟਰੱਸਟ ਦੇ ਮੈਂਬਰ ਗੌਰਵ ਬਾਂਸਲ ਜਨਾਲੀਆ ਅਤੇ ਰਾਜੀਵ ਜੈਨ ਨੇ ਦੱਸਿਆ ਕਿ ਹਰ ਪੂਰਨਮਾਸ਼ੀ ਨੂੰ ਸ਼੍ਰੀ ਬਾਲਾ ਜੀ ਮਹਾਰਾਜ ਨੂੰ ਚੋਲਾ ਚੜਾਇਆ ਜਾਂਦਾ ਹੈ। ਜਿਸ ਵਿੱਚ ਸੰਦੂਰ, ਸ਼ੁੱਧ ਚਾਂਦੀ ਦੇ ਵਰਕ ਅਤੇ ਚਮੇਲੀ ਦਾ ਤੇਲ ਚੜ੍ਹਾਇਆ ਜਾਂਦਾ ਹੈ।ਜਨਾਲੀਆ ਨੇ ਦੱਸਿਆ ਕਿ ਅੱਜ ਰੱਖੜੀ ਦੇ ਪਵਿੱਤਰ ਤਿਉਹਾਰ ਤੇ 21ਵਾਂ ਕੋਵਿਡ - 19 ਮੁਫਤ ਟੀਕਾਕਰਨ ਅਤੇ ਸ਼ੂਗਰ ਚੈੱਕਅਪ ਕੈਂਪ ਸ਼੍ਰੀ ਬਾਲਾ ਜੀ ਮੰਦਿਰ ਵਿੱਚ ਲਗਾਇਆ ਗਿਆ।ਉਨ੍ਹਾਂ ਦੱਸਿਆ ਕਿ ਸ਼ਹਿਰ ਨਿਵਾਸੀਆਂ ਨੂੰ ਮਹਾਂਮਾਰੀ ਦੇ ਬੁਰੇ ਪ੍ਰਭਾਵਾਂ ਤੋਂ ਬਚਾਉਣ ਲਈ ਮਿਸ਼ਨ ਫਤਿਹ ਅਨੁਸਾਰ ਮੰਦਿਰ ਟਰੱਸਟ ਵੱਲੋਂ ਕੋਵਿਡ ਟੀਕਾਕਰਨ ਕੈਂਪ ਲਗਾਤਾਰ ਲਗਾਏ ਜਾ ਰਹੇ ਹਨ।ਸ਼੍ਰੀ ਬਾਲਾਜੀ ਮਹਾਰਾਜ ਦੀ ਕ੍ਰਿਪਾ ਦੇ ਨਾਲ ਕੈਂਪ ਅੱਗੇ ਵੀ ਜਾਰੀ ਰਹਿਣਗੇ। ਉਨ੍ਹਾਂ ਕਿਹਾ ਵੈਕਸੀਨ ਤੋ ਕਿਸੇ ਨੂੰ ਵੀ ਘਬਰਾਉਣਾ ਨਹੀਂ ਚਾਹੀਦਾ ਹੈ। ਵੈਕਸੀਨ ਹਰ ਵਿਅਕਤੀ ਨੂੰ ਲਗਵਾਉਣੀ ਚਾਹੀਦੀ ਹੈ। ਇਹ ਕੈਂਪ ਡਾ. ਸੰਜੈ ਕਾਮਰਾ ਐਸ ਐਮ ਓ ਸੁਨਾਮ ਅਤੇ ਡਾ.ਪ੍ਰਭਜੋਤ ਸਿੰਘ ਵਿੱਲੋਂ ਮੈਡੀਕਲ ਅਫਸਰ ਸੁਨਾਮ ਦੀ ਦੇਖ- ਰੇਖ ਵਿੱਚ ਲਗਾਏ ਜਾ ਰਹੇ ਹਨ ਅਤੇ ਟੀਕਾਕਰਨ ਸਰਕਾਰੀ ਹਸਪਤਾਲ ਸੁਨਾਮ ਦੀ ਟੀਮ ਵੱਲੋਂ ਕੀਤਾ ਗਿਆ। ਜਦੋਂ ਕਿ ਬਾਲਾ ਜੀ ਲੈਬੋਰੇਟਰੀ ਵੱਲੋਂ ਮੁਫਤ ਸ਼ੂਗਰ ਚੈੱਕਅਪ ਕੀਤਾ ਗਿਆ। ਜਨਾਲੀਆ ਨੇ ਦੱਸਿਆ ਕਿ ਇਸ ਕੈਂਪ ਵਿੱਚ ਕੋਵਿਸ਼ੀਲਡ ਵੈਕਸੀਨ ਦੀਆਂ 200 ਡੋਜ ਲਗਾਈਆਂ ਗਈਆਂ। ਉਨ੍ਹਾਂ ਕਿਹਾ ਕਿ ਅਸੀਂ ਸਭ ਨੇ ਕੋਰੋਨਾ ਵਾਇਰਸ ਦੀ ਤੀਜੀ ਲਹਿਰ ਤੋਂ ਬਚਣਾ ਹੈ ਤਾਂ ਸਾਰਿਆਂ ਨੂੰ ਵੈਕਸੀਨ ਪਹਿਲ ਦੇ ਆਧਾਰ ਤੇ ਜਰੂਰ ਲਗਵਾਉਣੀ ਚਾਹੀਦੀ ਹੈ। ਜਿਸ ਨਾਲ ਸਾਡਾ ਸ਼ਹਿਰ ਕੋਰੋਨਾ ਮੁਕਤ ਹੋ ਸਕੇ। ਇਸ ਮੌਕੇ ਡਾ.ਪ੍ਰਭਜੋਤ ਸਿੰਘ ਵਿੱਲੋਂ ਮੇਡੀਕਲ ਅਫਸਰ ਸੁਨਾਮ, ਡਾ ਦਿਨੇਸ਼ ਗੁਪਤਾ ਐਸ ਐਮ ਓ ਰਿਟਾਇਰਡ ਸੁਨਾਮ, ਮੈਡਮ ਰੇਨੂੰ ਬਾਲਾ, ਮਨਿੰਦਰ ਕੌਰ, ਆਸਾ ਵਰਕਰ ਇੰਦਰਜੀਤ ਕੌਰ, ਸੋਨੀਆ, ਡਾ ਨਰੇਂਦਰ ਗਰਗ, ਸੰਜੀਵ ਨਾਗਰਾ, ਮੋਹਿਤ ਗਰਗ, ਪ੍ਰਵੇਸ਼ ਅੱਗਰਵਾਲ, ਸ਼ੀਤਲ ਮਿੱਤਲ, ਅਜੀਤ ਕੁਮਾਰ, ਪਰਮਾਨੰਦ ਅਰੋੜਾ, ਅਰਸ਼ ਸ਼ਰਮਾ, ਆਦਿ ਵੀ ਮੌਜੂਦ ਸਨ।



# ਨਰਕ ਭਰੀ ਜਿੰਦਗੀ ਜਿਊਣ ਲਈ ਮਜਬੂਰ ਪਲੈਟੀਨਮ ਹੋਮਜ ਦੇ ਵਸਨੀਕਾਂ ਨੇ ਲਗਾਈ ਵਿਧਾਇਕ ਐਨ ਕੇ ਸ਼ਰਮਾ ਨੂੰ ਗੁਹਾਰ

**ਜ਼ੀਰਕਪੁਰ/ਰਵੀ ਜ਼ੀਰਕਪੁਰ**

ਜ਼ੀਰਕਪੁਰ ਪੁਰਾਣੀ ਅੰਬਾਲਾ ਸੜਕ ਤੇ ਸਥਿਤ ਪਿੰਡ ਸਨੌਲੀ ਅਧੀਨ ਪੈਂਦੀ ਪਲੈਟੀਨਮ ਹੋਮਜ਼ ਦੇ ਵਸਨੀਕਾਂ ਨੇ ਆਪਣੇ ਬਿਲਡਰ ਵੱਲੋਂ ਕੀਤੇ ਗਏ ਵਾਅਦੇ ਨਾ ਪੂਰੇ ਕਰਨ ਤੋਂ ਦੁਖੀ ਹੋ ਕੇ ਅੱਜ ਵਿਧਾਇਕ ਐੱਨ ਕੇ ਸ਼ਰਮਾ ਨੂੰ ਸਮੱਸਿਆ ਦੇ ਹੱਲ ਲਈ ਗੁਹਾਰ ਲਾਈ ਹੈ । ਵਸਨੀਕਾਂ ਨੇ ਦੱਸਿਆ ਕਿ ਬਿਲਡਰਾਂ ਵੱਲੋਂ ਫਲੈਟ ਵੇਚਣ ਵੇਲੇ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਜਾ ਰਹੇ ਜਿਸ ਕਾਰਨ ਉਹ ਨਰਕ ਭਰੀ ਜੀਂਦਗੀ ਜਿਊਣ ਲਈ ਮਜਬੂਰ ਹੋਏ ਪਏ ਹਨ । ਵਿਧਾਇਕ ਐਨ ਕੇ ਸ਼ਰਮਾ ਨੇ ਮੌਕੇ ਦਾ ਦੌਰਾ ਕਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਸਮੱਸਿਆਵਾਂ ਨੂੰ ਜਲਦ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਹੈ ।

ਸਨੌਲੀ ਦੀ ਪਲੈਟੀਨਮ ਹੋਮਜ਼ ਦੇ ਨਿਵਾਸੀ ਓਂਕਾਰ ਸਿੰਘ ਸੈਣੀ,ਐਡਵੋਕੇਟ ਮਨਪ੍ਰੀਤ ਕੌਰ, ਪ੍ਰੇਮ ਕੁਮਾਰ, ਸ਼ਿਵ ਭਾਰਦਵਾਜ ,ਮਨਜੀਤ ਸਿੰਘ ,ਵਿਮਲ ਕੁਮਾਰ ,ਹਰਵਿੰਦਰ ਕੁਮਾਰ, ਨਵਨੀਤ ਸਿੰਘ, ਸ਼ਿਵਾਨੀ ਬੈਨਰਜੀ, ਰਵਿੰਦਰ ਗੁਪਤਾ, ਦਿਨੇਸ਼ ਮੋਰਿਆ,ਸੁਰਿੰਦਰ ਗੁਪਤਾ ,ਗੁਰਵਿੰਦਰ ਸਿੰਘ ,ਅਦਿੱਤਿਆ ਕੁਮਾਰ ਅਤੇ ਅਸੀਮ ਸਮੇਤ ਹੋਰ ਲੋਕਾਂ ਨੇ ਦੱਸਿਆ ਕਿ ਉਹ ਪਿਛਲੇ ਕਰੀਬ ਇਕ ਸਾਲ ਤੋਂ ਇਸ ਸੁਸਾਇਟੀ ਵਿੱਚ ਰਹਿ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਫਲੈਟ ਵੇਚਣ ਵੇਲੇ ਉਨ੍ਹਾਂ ਨੂੰ ਸੋਸਾਇਟੀ ਦੇ ਅੰਦਰ ਬੱਚਿਆਂ ਵਾਸਤੇ ਜਿੰਮ, ਕਲੱਬ ਹਾਊਸ ,ਸੁਸਾਇਟੀ ਵਿਚ ਗਾਰਡ ਬਾਊਂਡਰੀ ਵਾਲ ਸਮੇਤ ਸੀਸੀਟੀਵੀ ਕੈਮਰੇ ਲਗਾਉਣ ਦਾ ਵਾਅਦਾ ਕੀਤਾ ਗਿਆ ਸੀ ਪਰੰਤੂ ਬਿਲਡਰ ਵੱਲੋਂ ਹੁਣ ਤੱਕ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ । ਉਨ੍ਹਾਂ ਦੋਸ਼ ਲਾਇਆ ਕਿ ਬਿਲਡਰ ਵੱਲੋਂ ਉਨ੍ਹਾਂ ਨੂੰ 35 ਫੁੱਟ ਸੜਕ ਅਤੇ ਪਾਰਕ ਬਨਾਉਣ ਦਾ ਵੀ ਭਰੋਸਾ ਦਿੱਤਾ ਗਿਆ ਸੀ ਪ੍ਰੰਤੂ ਬਿਲਡਰ ਵੱਲੋਂ 28 ਫੁੱਟ ਜਾਂ ਇਸ ਤੋਂ ਘੱਟ ਸੜਕ ਦੀ ਥਾਂ ਤੇ ਹੀ ਫਲੈਟ ਉਸਾਰੇ ਜਾ ਰਹੇ ਹਨ ਅਤੇ ਪਾਰਕ ਦਾ ਵਧੇਰੇ ਹਿੱਸਾ ਸੜਕ ਵਿਚ ਪਾ ਦਿੱਤਾ ਗਿਆ ਹੈ । ਉਨ੍ਹਾਂ ਦੋਸ਼ ਲਾਇਆ ਕਿ ਸੁਸਾਇਟੀ ਵਿਚ ਹਰ ਸਮੇਂ ਪਰਵਾਸੀ ਲੇਬਰ ਅਤੇ ਕੰਸਟ੍ਰਕਸ਼ਨ ਦਾ ਸਾਮਾਨ ਢੋਣ ਵਾਲੇ ਟਰੱਕਾਂ ਦੀ ਆਵਾਜਾਈ ਲੱਗੀ ਰਹਿੰਦੀ ਹੈ ਜਿਸ ਕਾਰਨ ਉਨ੍ਹਾਂ ਦੇ ਬੱਚੇ ਵੀ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਦੇ ਬਿਲਡਰ ਵੱਲੋਂ ਪਹਿਲਾਂ ਸੁਸਾਇਟੀ ਵਿਚ ਰਹਿਣ ਲਈ 300 ਰੁਪਏ ਮੈਂਟੀਨੈਂਸ ਚਾਰਜ ਲੈਣ ਦੀ ਗੱਲ ਕੀਤੀ ਗਈ ਸੀ ਪ੍ਰੰਤੂ ਹੁਣ ਉਨ੍ਹਾਂ ਨੂੰ 1000 ਰੁਪਏ ਮੈਂਟੀਨੈਂਸ ਚਾਰਜ ਦੇਣ ਦਾ ਤੁਗਲਕੀ ਫਰਮਾਨ ਜਾਰੀ ਕਰ ਦਿੱਤਾ ਗਿਆ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 24 ਅਗਸਤ ਨੂੰ ਰਾਜ ਪੱਧਰੀ ਵਣ-ਮਹਾਂਉਤਸ਼ਵ ਮਨਾਇਆ ਜਾਵੇਗਾ

- ਜ਼ਿਲੇ ਗੁਰਦਾਸਪੁਰ ਅੰਦਰ ਇਕੋ ਦਿਨ ਲਗਾਏ ਜਾਣਗੇ 28,000 ਪੌਦੇ- ਡਿਪਟੀ ਕਮਿਸ਼ਨਰ ਵਲੋਂ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਦਿੱਤੇ ਗਏ ਦਿਸ਼ਾ-ਨਿਰਦੇਸ਼



**ਗੁਰਦਾਸਪੁਰ-ਨਵਨੀਤ ਕੁਮਾਰ-ਜਤਿੰਦਰ ਕੁਮਾਰ**

ਜ਼ਿਲੇ ਗੁਰਦਾਸਪੁਰ ਅੰਦਰ 24 ਅਗਸਤ ਨੂੰ ਜ਼ਿਲ੍ਹੇ ਭਰ ਅੰਦਰ 28,000 ਪੌਦੇ ਲਗਾਏ ਜਾਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ 24 ਅਗਸਤ ਨੂੰ ਮਨਾਏ ਜਾ ਰਹੇ ਰਾਜ ਪੱਧਰੀ ਵਣ-ਮਹਾਂਉਤਸ਼ਵ ਸਬੰਧੀ ਅਧਿਕਾਰੀਆਂ ਨਾਲ ਜੂਮ ਰਾਹੀਂ ਮੀਟਿੰਗ ਕਰਦਿਆਂ ਦਿੱਤੀ। ਇਸ ਮੌਕੇ ਬਲਰਾਜ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਮੇਜਰ ਅਮਿਤ ਮਹਾਜਨ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਨਵਜੋਤ ਸਿੰਘ ਐਸ.ਪੀ (ਹੈੱਡਕੁਆਟਰ) ਗੁਰਦਾਸਪੁਰ, ਗੁਰਪ੍ਰੀਤ ਸਿੰਘ ਐਸ.ਪੀ (ਹੈੱਡਕੁਆਟਰ) ਬਟਾਲਾ, ਜਰਨੈਲ ਸਿੰਘ ਬਾਠ ਡਵੀਜ਼ਨਲ ਜੰਗਲਾਤ ਅਫਸਰ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਪ੍ਰਤੀਨਿਧ ਆਦਿ ਮੋਜੂਦ ਸਨ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵਲੋਂ ਮਾਣਯੋਗ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਦੇ ਮੰਤਵ ਨਾਲ ਸੂਬੇ ਅੰਦਰ 24 ਅਗਸਤ ਨੂੰ ਰਾਜ ਪੱਧਰੀ ਵਣ-ਮਹਾਂਉਤਸ਼ਵ ਮਨਾਇਆ ਜਾ ਰਿਹਾ ਹੈ, ਜਿਸ ਸਬੰਧੀ ਗੁਰਦਾਸਪੁਰ ਵਿਖੇ ਵੀ 28 ਹਜ਼ਾਰ ਪੌਦੇ, ਇਕੋ ਦਿਨ ਲਗਾਏ ਜਾਣਗੇ।

ਮੀਟਿੰਗ ਦੌਰਾਨ ਪੁਲਿਸ ਵਿਭਾਗ ਵਲੋਂ ਥਾਣਿਆਂ ਆਦਿ ਵਿਚ ਪੌਦੇ, ਬੀ.ਐਸ.ਐਫ ਹੈੱਡਕੁਆਟਰ ਗੁਰਦਾਸਪੁਰ ਵਿਖੇ, ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿਚ ਖਾਲੀ ਪਈਆਂ ਸਾਂਝੀਆਂ ਥਾਵਾਂ ’ਤੇ ਪੌਦੇ, ਸਕੂਲਾਂ ਵਿਚ ਅਤੇ ਸਮਾਜ ਸੇਵੀ ਸੰਸਥਾਵਾਂ ਆਦਿ ਵਲੋਂ ਪੌਦੇ ਲਗਾਏ ਜਾਣਗੇ। ਉਨਾਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪੌਦੇ ਲਗਾਉਣ ਦੇ ਨਾਲ ਪੌਦਿਆਂ ਦੀ ਸੰਭਾਲ ਨੂੰ ਵੀ ਯਕੀਨੀ ਬਣਾਉਣ। ਇਸ ਮੌਕੇ ਡਵੀਜ਼ਨਲ ਜੰਗਲਾਤ ਅਫਸਰ ਜਰਨੈਲ ਸਿੰਘ ਬਾਠ ਨੇ ਦੱਸਿਆ ਕਿ ਜੰਗਲਾਤ ਵਿਭਾਗ ਗੁਰਦਾਸਪੁਰ ਵਲੋਂ ਜ਼ਿਲੇ ਅੰਦਰ ਕਰੀਬ 20 ਸਮਾਜ ਸੇਵੀ ਸੰਸਥਾਵਾਂ ਅਤੇ ਵਿਭਾਗਾਂ ਦੇ ਸਹਿਯੋਗ ਨਾਲ 28 ਹਜ਼ਾਰ ਪੋਦੇ ਲਗਾਏ ਜਾਣਗੇ। ਉਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਵਿਚ ਜੰਗਲਾਤ ਵਿਭਾਗ ਵਲੋਂ ਜ਼ਿਲੇ ਅੰਦਰ 5 ਲੱਖ 90 ਹਜ਼ਾਰ ਪੌਦੇ ਲਗਾਏ ਜਾ ਚੁੱਕੇ ਹਨ।

# ਮਕੌੜਾ ਪੱਤਨ ਤੇ ਪੁਲ ਬਣਾਉਣ ਲਈ ਰਾਸ਼ੀ ਰੀਲੀਜ ਕਰਵਾਈ ਅਰੁਨਾ ਚੋਧਰੀ ਨੇ ਲੇਕਿਨ ਕ੍ਰੈਡਿਟ ਲੈਣ ਲਈ ਲੱਡੂ ਵੰਡ ਰਹੇ ਨੇ ਵਿਰੋਧੀ : ਨੀਟੂ ਚੋਹਾਨ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਬੀਤੇ ਕਈ ਸਾਲਾਂ ਤੋਂ ਮਕੌੜਾ ਪੱਤਨ ਤੋਂ ਪਾਰ ਵੱਸਦੇ ਲੋਕਾਂ ਵਲੋਂ ਮਕੌੜਾ ਪੱਤਨ ਤੇ ਪੁਲ ਬਣਾਉਣ ਲਈ ਵੱਖ ਵੱਖ ਸਰਕਾਰਾਂ ਨੂੰ ਸਿਫਾਰਿਸ਼ਾਂ ਕੀਤੀਆਂ ਜਾ ਰਹੀਆਂ ਸਨ ਪਰ ਕਈ ਸਾਲ ਬੀਤ ਜਾਣ ਤੋਂ ਬਾਅਦ ਵੀ ਪਿਛਲੀਆਂ ਸਰਕਾਰਾਂ ਨੇ ਇਸ ਪੁਲ ਨੂੰ ਬਣਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ। ਕੈਬਨਿਟ ਮੰਤਰੀ ਅਰੁਨਾ ਚੋਧਰੀ ਦੇ ਯਤਨਾਂ ਸਦਕਾ ਜਦੋਂ ਇਸ ਪੁਲ ਨੂੰ ਬਣਾਉਣ ਲਈ ਰਾਸ਼ੀ ਜਾਰੀ ਹੋਈ ਤਾਂ ਵਿਰੋਧੀ ਇਸ ਦਾ ਕ੍ਰੈਡਿਟ ਲੈਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਦੇ ਨਜਰ ਆ ਰਹੇ ਹਨ ਜੋ ਕਦੇ ਵੀ ਸਫਲ ਨਹੀਂ ਹੋਣਗੇ । ਇਹ ਵਿਚਾਰ ਨਗਰ ਕੌਂਸਲ ਦੇ ਪ੍ਰਧਾਨ ਨੀਟੂ ਚੋਹਾਨ ਨੇ ਪ੍ਰੈਸ ਨਾਲ ਵਿਸੇਸ਼ ਗੱਲਬਾਤ ਦੌਰਾਨ ਕਹੇ।



ਨੀਟੂ ਚੋਹਾਨ ਨੇ ਦੱਸਿਆ ਕਿ ਦੀਨਾਨਗਰ ਹਲਕੇ ਅੰਦਰ ਪੈਂਦੇ ਮਕੌੜਾ ਪੱਤਨ ਦੇ ਪਾਰ ਵੱਸਦੇ ਲੋਕਾਂ ਦੀ ਲੰਬੇ ਸਮੇ ਤੋਂ ਡਿਮਾਂਡ ਚੱਲੀ ਆ ਰਹੀ ਸੀ ਕਿ ਮਕੌੜਾ ਪੱਤਨ ਤੇ ਪੁਲ ਬਣਨਾ ਚਾਹੀਦਾ ਹੈ ਜਿਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕੈਬਨਿਟ ਮੰਤਰੀ ਅਰੁਨਾ ਚੋਧਰੀ ਨੇ ਇਸ ਪੁਲ ਦਾ ਮਾਮਲਾ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ ਧਿਆਨ ਵਿੱਚ ਲਿਆਂਦਾ । ਤੁਹਾਨੂੰ ਦੱਸ ਦੇਈਏ ਕਿ ਮਕੌੜਾ ਪੱਤਨ ਤੇ ਪਹਿਲਾਂ ਕੋਈ ਵੀ ਪੁੱਲ ਨਹੀਂ ਸੀ ਅਤੇ ਲੋਕ ਕਿਸਤੀ ਰਾਂਹੀ ਆਰ ਪਾਰ ਆਇਆ ਜਾਇਆ ਕਰਦੇ ਸਨ । ਪਰ ਸੰਨ 2002 ਚ ਜਦੋਂ ਹੀ ਕਾਂਗਰਸ ਦੀ ਸਰਕਾਰ ਸੱਤਾ ਵਿਚ ਆਈ ਸੀ ਤਾਂ ਉਸ ਵੇਲੇ ਵੀ ਕਾਂਗਰਸ ਸਰਕਾਰ ਨੇ ਮਕੌੜਾ ਪੱਤਨ ਤੇ ਇੱਕ ਆਰਜੀ ਪੁਲ ਬਣਾਇਆ ਸੀ। ਨੀਟੂ ਚੋਹਾਨ ਨੇ ਕਿਹਾ ਕਿ ਵਿਰੋਧੀ ਇਸ ਪੁਲ ਦਾ ਕ੍ਰੈਡਿਟ ਲੈਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਣਾ ਰਹੇ ਹਨ ਜੋ ਕਦੇ ਵੀ ਆਪਣੇ ਮੁਕਾਮ ਵਿੱਚ ਸਫਲ ਨਹੀਂ ਹੋਣਗੇ। ਉਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੈਬਨਿਟ ਮੰਤਰੀ ਅਰੁਨਾ ਚੋਧਰੀ ਦੇ ਯਤਨਾਂ ਸਦਕਾ ਇਹ ਪੁਲ ਮਨਜ਼ੂਰ ਹੋਇਆ ਹੈ ਜਿਸ ਕਰਕੇ ਹਲਕੇ ਦੇ ਲੋਕ ਇਸ ਬਾਰੇ ਭਲੀਭਾਂਤੀ ਜਾਣੂ ਹਨ ਉਨ੍ਹਾਂ ਸਾਫ ਐਲਾਨ ਕੀਤਾ ਕਿ ਵਿਰੋਧੀ ਝੂਠੇ ਸਬਜਬਾਗ ਦਿਖਾ ਕੇ ਲੋਕਾਂ ਨੂੰ ਗੁੰਮਰਾਹ ਨਾ ਕਰਨ, ਕਿਉਂਕਿ ਲੋਕ ਹੁਣ ਇਨ੍ਹਾਂ ਦੇ ਝਾਂਸੇ ਚ ਆਉਣ ਵਾਲੇ ਨਹੀਂ। ਉਨਾਂ ਕਿਹਾ ਕਿ ਵਿਰੋਧੀਆਂ ਕੋਲ ਕੋਈ ਵੀ ਮੁੱਦਾ ਨਹੀਂ ਹੈ ਲੋਕ ਮੈਡਮ ਅਰੁਨਾ ਚੋਧਰੀ ਦੇ ਕੀਤੇ ਕੰਮਾਂ ਤੋਂ ਸੰਤੁਸ਼ਟ ਹਨ, ਜਿਸ ਕਾਰਨ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਚ ਕੈਬਨਿਟ ਮੰਤਰੀ ਅਰੁਨਾ ਚੋਧਰੀ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ।

# ਰੱਖੜੀ ਦੇ ਤਿਉਹਾਰ ਦੀ ਮਹੱਤਤਾ ਹਰੇਕ ਭਰਾ ਸਮਝੇ ਤਾਂ ਭਰੂਣ ਹੱਤਿਆ ਦਾ ਖਾਤਮਾ ਕਰਨਾ ਆਸਾਨ : ਅਵੀ ਰਾਜਪੂਤ

**ਕਪੂਰਥਲਾ/ਪਰਮਜੀਤ ਸੰਨੀ**



ਕਪੂਰਥਲਾ ਯੂਥ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਅਵੀ ਰਾਜਪੂਤ ਨੇ ਕਿਹਾ ਕਿ ਭੈਣ ਭਰਾ ਦਾ ਰਿਸ਼ਤਾ ਬਹੁਤ ਵੱਖਰੀ ਤਰ੍ਹਾਂ ਦਾ ਹੁੰਦਾ ਹੈ ਇਸ ਰਿਸ਼ਤੇ ਵਿੱਚ ਪਿਆਰ ਦੇ ਨਾਲ ਹੀ ਤਕਰਾਰ ਦੀ ਨੋਕ-ਝੋਕ ਵੀ ਘੁਲੀ ਮਿਲੀ ਹੁੰਦੀ ਹੈ ।ਭੈਣ ਭਰਾ ਵਿੱਚ ਬਚਪਨ ਤੋਂ ਲੈ ਕੇ ਖੱਟੀਆਂ-ਮਿੱਠੀਆਂ ਯਾਦਾਂ ਸਾਨੂੰ ਸਾਰੀ ਉਮਰ ਯਾਦ ਰਹਿੰਦੀਆਂ ਹਨ ।ਭੈਣ ਆਪਣੇ ਭਰਾ ਦੀ ਸਫਲਤਾ ਵੇਖਦਿਆ ਖੁਸ਼ੀ ਵਿੱਚ ਫੁਲਿਆ ਨਹੀ ਸਮਾਉਦੀ ।ਇਸੇ ਤਰ੍ਹਾਂ ਹੀ ਭੈਣ ਦੀ ਡੋਲੀ ਵਾਲੇ ਦਿਨ ਭਰਾ ਦੀਆ ਅੱਖਾਂ ਚੋ ਨਿਕਲ ਰਹੇ ਆਪ ਮੁਹਾਰੇ ਹੰਝੂ ਬਿਨਾ ਬੋਲਿਆ ਸਭ ਕੁਝ ਕਹਿ ਜਾਂਦੇ ਹਨ ।ਹਰ ਇੱਕ ਭੈਣ ਨੂੰ ਹਰੇਕ ਸਾਲ ਇੱਕ ਵਿਸੇਸ ਦਿਨ ਰੱਖੜੀ ਦੇ ਤਿਉਹਾਰ ਦਾ ਇੰਤਜਾਰ ਹੁੰਦਾ ਹੈ ।ਇਸ ਦਿਨ ਭੈਣ ਬੜੇ ਚਾਵਾਂ ਅਤੇ ਦਿਲ ਦੀਆਂ ਸੱਧਰਾਂ ਨਾਲ ਆਪਣੇ ਭਰਾ ਨੂੰ ਸੱਚੇ ਦਿਲ ਤੇ ਪ੍ਰੇਮ ਭਾਵਨਾ ਨਾਲ ਰੱਖੜੀ ਬੰਨਦੀ ਹੈ ।ਇਸ ਦਿਨ ਸਹੁਰੇ ਘਰੋ ਆਉਣ ਵਾਲੀ ਭੈਣ ਦੀ ਉਡੀਕ ਪੇਕੇ ਘਰ ਵਿੱਚ ਬੇਸਬਰੀ ਨਾਲ ਕੀਤੀ ਜਾਂਦੀ ਹੈ ।ਭੈਣਾਂ ਅਪਣੇ ਭਰਾਵਾਂ ਦੇ ਗੁੱਟ ਤੇ ਰੱਖੜੀ ਬੰਨ ਕੇ ਪ੍ਰਮਾਤਮਾ ਪਾਸੋ ਆਪਣੇ ਭਰਾਵਾਂ ਲਈ ਲੰਬੀ ਉਮਰ ਦੀ ਕਾਮਨਾ ਕਰਦੀਆ ਥੱਕਦੀਆਂ ਨਹੀ ਅਤੇ ਭਰਾ ਵੱਲੋ ਭੈਣ ਨੂੰ ਆਪਣੇ ਵੱਲੋ ਆਦਰ ਸਤਿਕਾਰ ਨਾਲ ਪਿਆਰ ਭਰਿਆ ਭੈਣ ਦੇ ਮਨ-ਪਸੰਦ ਦਾ ਤੋਹਫਾ ਦਿੱਤਾ ਜਾਂਦਾ ਹੈ ।ਸਾਰੇ ਪਰਿਵਾਰ ਵੱਲੋ ਭੈਣ ਭਰਾ ਦੇ ਪਿਆਰ ਦੀ ਝਲਕ ਨੂੰ ਬੜੇ ਸਤਿਕਾਰ ਨਾਲ ਵੇਖਿਆ ਜਾਦਾ ਹੈ ਅਤੇ ਇਸ ਤਿਉਹਾਰ ਵਿੱਚੋ ਭੈਣ ਭਰਾ ਦੇ ਪਿਆਰ ਦੀ ਇੱਕ ਵਿਸ਼ੇਸ਼ ਝਲਕ ਨਜਰ ਆਉਦੀ ਹੈ ।ਇਸ ਮੌਕੇ ਮਾਤਾ-ਪਿਤਾ ਆਪਣੇ ਬੱਚਿਆਂ ਦੇ ਖੁਸ਼ੀਆ ਭਰੇ ਮਹੌਲ ਨੂੰ ਵੇਖਦੇ ਹੋਏ ਫੁਲਿਆਂ ਨਹੀ ਸਮਾਉਂਦੇ ।ਅਵੀ ਰਾਜਪੂਤ ਨੇ ਕਿਹਾ ਕਿ ਰੱਖੜੀ ਦਾ ਤਿਉਹਾਰ ਭੈਣ ਭਰਾ ਨੂੰ ਮਿਲਾਉਣ ਵਾਲਾ ਇੱਕੋ ਇੱਕ ਵਿਸ਼ੇਸ਼ ਤਿਉਹਾਰ ਮੰਨਿਆ ਜਾਦਾ ਹੈ ।ਖਾਸ ਕਰਕੇ ਰੱਖੜੀ ਤੇ ਭੈਣ ਭਰਾ ਦਾ ਰਿਸ਼ਤਾ ਇੱਕ ਮਿਸਾਲ ਬਣਦਾ ਹੈ ।ਕਿਸੇ ਵੇਲੇ ਮਾੜੀ ਮੋਟੀ ਹੋਈ ਨੋਕ ਝੋਕ ਵੀ ਇਸ ਤਿਉਹਾਰ ਤੇ ਭੈਣ ਭਰਾ ਦੇ ਆਪਸੀ ਪਿਆਰ ਵਿੱਚ ਬਦਲ ਜਾਂਦੀ ਹੈ ।ਜਿਨ੍ਹਾ ਭੈਣਾਂ ਦੇ ਵੀਰ ਨਹੀ ਹੁੰਦੇ,ਇਸ ਦਿਨ ਉਨ੍ਹਾਂ ਦੀਆ ਅੱਖਾਂ ਵਿੱਚੋ ਨਿਕਲ ਰਹੇ ਆਪ ਮੁਹਾਰੇ ਅੱਥਰੂ ਨਹੀ ਸੁੱਕਦੇ ਅਤੇ ਉਹ ਰੱਬ ਨੂੰ ਉਲਾਂਭੇ ਦਿੰਦੀਆਂ ਵੀ ਥੱਕਦੀਆਂ ਨਹੀ ਕਿ ਰੱਬਾ ਸਾਨੂੰ ਵੀ ਜੇ ਇੱਕ ਵੀਰ ਦੇ ਦਿੰਦਾ ਤਾ ਤੇਰੇ ਘਰ ਕਿਹੜਾ ਘਾਟਾ ਪੈ ਜਾਣਾ ਸੀ ।ਜਿਸ ਭਰਾ ਦੇ ਭੈਣ ਨਹੀ ਹੁੰਦੀ ਉਹ ਵੀ ਇਸ ਦਿਨ ਆਪਣੇ ਆਪ ਨੂੰ ਇੱਕਲ੍ਹਾ ਮਹਿਸੂਸ ਕਰਦਾ ਹੈ ।ਅਵੀ ਰਾਜਪੂਤ ਨੇ ਕਿਹਾ ਕਿ ਜੇਕਰ ਇਸ ਤਿਉਹਾਰ ਦੀ ਮਹੱਤਤਾ ਨੂੰ ਹਰੇਕ ਭਰਾ ਸਮਝੇ ਤਾਂ ਭਰੂਣ ਹੱਤਿਆ ਦਾ ਖਾਤਮਾ ਕਰਨਾ ਬੜਾ ਆਸਾਨ ਹੈ ਅਤੇ ਨਾ ਹੀ ਕੋਈ ਭਰਾ ਭੈਣ ਦੇ ਪਿਆਰ ਭਰੇ ਸਤਿਕਾਰ ਨਾਲ ਆਪਣੇ ਗੁੱਟ ਤੇ ਰੱਖੜੀ ਤੋਂ ਵਾਝ੍ਹਾਂ ਰਹੇ ।ਹਰੇਕ ਘਰ ਪਰਿਵਾਰ ਵਿੱਚ ਇਹ ਤਿਉਹਾਰ ਬੜ੍ਹੀ ਧੂੰਮ-ਧਾਮ ਨਾਲ ਮਨਾਇਆ ਜਾ ਸਕਦਾ ਹੈ।

# ਪਟਿਆਲਾ ਵਿਖੇ ਹੋਵੇਗੀ 24 ਅਗਸਤ ਨੂੰ ਵਾਅਦਾ ਯਾਦ ਦਿਵਾਉ ਮਹਾਂ ਰੋਸ ਰੈਲੀ : ਕਿਸ਼ਨਪੁਰਾ




**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਪੰਜਾਬ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਪੂਰੇ ਕਰਾਉਣ ਲਈ ਅਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ 24 ਅਗਸਤ ਨੂੰ ਮੁੱਖ ਮੰਤਰੀ ਪੰਜਾਬ ਦੇ ਸ਼ਹਿਰ ਪਟਿਆਲਾ ਵਿਖੇ ਪੰਜਾਬ ਭਰ ਦੇ ਮੁਲਾਜ਼ਮ ਵਰਗ ਵੱਲੋਂ ਸੀ ਪੀ ਐੱਫ ਐਸੋਸੀਏਸ਼ਨ ਦੇ ਝੰਡੇ ਹੇਠ ਰੋਸ ਰੈਲੀ ਕੀਤੀ ਜਾ ਰਹੀ ਹੈ।

ਰੈਲੀ ਸਬੰਧੀ ਜਾਣਕਾਰੀ ਦਿੰਦਿਆਂ ਬੀ ਐੱਡ ਅਧਿਆਪਕ ਫ਼ਰੰਟ ਪੰਜਾਬ ਦੇ ਚੇਅਰਮੈਨ ਪ੍ਰਗਟਜੀਤ ਸਿੰਘ ਕਿਸ਼ਨਪੁਰਾ ਨੇ ਦੱਸਿਆ ਕਿ ਇੱਕ ਪਾਸੇ ਰਾਜਨੀਤਕ ਲੋਕ ਛੇ, ਛੇ ,ਸੱਤ ,ਸੱਤ ਪੈਨਸ਼ਨਾਂ ਲੈ ਰਹੇ ਹਨ ਦੂਸਰੇ ਪਾਸੇ ਆਪਣੇ ਵਿਭਾਗ ਦੇ ਲੇਖੇ ਆਪਣੀ ਸਾਰੀ ਉਮਰ ਲਾਉਣ ਵਾਲੇ ਮੁਲਾਜਮਾਂ ਨੂੰ ਨਵੀਂ ਪੈਨਸ਼ਨ ਅਧੀਨ 1000-1500 ਰੁਪਏ ਦੀ ਪੈਨਸ਼ਨ ਦੇ ਕੇ ਸੜਕਾਂ ਉਪਰ ਰੁਲਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਇਸ ਮੌਕੇ ਕਿਸ਼ਨਪੁਰਾ ਨੇ ਦੱਸਿਆ ਕਿ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਪੰਜਾਬ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਅਤੇ ਪੰਜਾਬ ਭਰ ਦੇ ਠੇਕੇ ਉੱਪਰ ਕੰਮ ਕਰ ਰਹੇ ਕੱਚੇ ਮੁਲਾਜਮਾਂ ਨੂੰ ਪਹਿਲੀ ਕੈਬਨਿਟ ਵਿੱਚ ਹੀ ਪੱਕੇ ਕਰਨ ਦਾ ਵਾਅਦਾ ਕੀਤਾ ਸੀ ਪਰ ਅੱਜ 4 ਸਾਲ ਬੀਤਣ ਦੇ ਬਾਵਜੂਦ ਵੀ ਜਿੱਥੇ ਸਮੁੱਚੇ ਮੁਲਾਜ਼ਮ ਸੜਕਾਂ ਉਪਰ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ਉੱਥੇ ਮੁੱਖ ਮੰਤਰੀ ਪੰਜਾਬ ਵਲੋਂ ਮੁਲਾਜਮਾਂ ਦੀਆਂ ਮੰਗਾਂ ਦੇ ਹੱਲ ਲਈ ਉਹਨਾਂ ਨੂੰ ਮਿਲਣਾ ਵੀ ਮੁਨਾਸਿਬ ਨਹੀਂ ਸਮਝਿਆ ਜਾ ਰਿਹਾ। ਇਸ ਮੌਕੇ ਗੁਰਮੀਤ ਸਿੰਘ, ਰਣਜੀਤ ਸਿੰਘ,ਸੋਹਨ ਸਿੰਘ ਗੁਰਮੇਲ ਸਿੰਘ, ਅਵਤਾਰ ਸਿੰਘ, ਦਰਸ਼ਨ ਸਿੰਘ, ਦਵਿੰਦਰ ਸਿੰਘ ਹਰਾਜ, ਪ੍ਰਦੀਪ ਸਿੰਘ ਰੱਖੜਾ, ਜਸਪਾਲ ਸਿੰਘ, ਬਲਜੀਤ ਸਿੰਘ, ਅਮਰਦੀਪ ਸ਼ਰਮਾ, ਰਣਜੀਤ ਸਿੰਘ ,ਸੁਖਪਾਲ ਸਿੰਘ ਅਧਿਆਪਕ ਆਗੂ ਹਾਜਰ ਸਨ।

# ਲੋਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਆਮ ਆਦਮੀ ਪਾਰਟੀ ਦਾ ਜਾਦੂ ਅਮਨ ਪੰਡੋਰੀ

**ਮੋਗਾ/ਧਰਮਕੋਟ ਦਲਵਿੰਦਰ ਸਿੰਘ ਬਿੱਟੂ**

ਇਸ ਵਾਰ ਵਿਧਾਨ ਸਭਾ ਦੀਆਂ ਚੋਣਾਂ ਬੜ੍ਹੀਆਂ ਹੀ ਦਿਲਚਸਪ ਹੋਣਗੀਆਂ ਇਸ ਵਾਰ ਲੋਕ ਰਵਾਇਤੀ ਪਾਰਟੀਆਂ ਨੂੰ ਅਜਿਹਾ ਜਾਦੂ ਦਿਖਾਉਣਗੀਆਂ ਕੀ ਇਹ ਲੋਟੂ ਪਾਰਟੀਆਂ ਹਮੇਸ਼ਾ ਹਮੇਸ਼ਾ ਲਈ ਗਾਇਬ ਹੋ ਜਾਣਗੀਆਂ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਅਮਨ ਪੰਡੋਰੀ ਦਾ ਕਹਿਣਾ ਹੈ ਕਿ ਹੁਣ ਲੋਕਾਂ ਦੇ ਸਿਰ ਉੱਪਰ ਆਮ ਆਦਮੀ ਪਾਰਟੀ ਦਾ ਜਾਦੂ ਸਿਰ ਚੜ੍ਹ ਕੇ ਬੋਲਣ ਲੱਗ ਪਿਆ ਹੈ ਅਤੇ ਲੋਕ ਬੜੇ ਉਤਸ਼ਾਹ ਦੇ ਨਾਲ ਵਿਧਾਨ ਸਭਾ ਦੀਆਂ ਚੋਣਾਂ ਨੂੰ ਉਡੀਕ ਰਹੇ ਹਨ ਅਮਨ ਪੰਡੋਰੀ ਨੇ ਕਿਹਾ ਹੈ ਕਿ ਰੋਜ਼ਾਨਾ ਹੀ ਵੱਡੀ ਗਿਣਤੀ ਦੇ ਵਿੱਚ ਲੋਕ ਆਮ ਆਦਮੀ ਦਾ ਪੱਲਾ ਫੜ ਰਹੇ ਹਨ ਉਨ੍ਹਾਂ ਨੇ ਕਿਹਾ ਹੈ ਕਿ ਪਿੰਡ ਪਿੰਡ ਜਾ ਕੇ ਬਿਜਲੀ ਗਾਰੰਟੀ ਬਾਰੇ ਲੋਕਾਂ ਨਾਲ ਸੰਵਾਦ ਗੱਲਬਾਤ ਕੀਤੀ ਜਾ ਰਹੀ ਹੈ ਧਰਮਕੋਟ ਤੋਂ ਹਲਕਾ ਇੰਚਾਰਜ ਦਵਿੰਦਰਜੀਤ ਸਿੰਘ ਲਾਡੀ ਢੋਸ ਨੂੰ ਪਿੰਡਾਂ ਦੇ ਵਿਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਮਨ ਪੰਡੋਰੀ ਦਾ ਕਹਿਣਾ ਹੈ ਕਿ ਕੈਪਟਨ ਸਰਕਾਰ ਦੀ ਬਾਦਲਾਂ ਨਾਲ ਮਿਲੀਭੁਗਤ ਕਰ ਕੇ ਗੁਰੂ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਮਸਲੇ ਹੱਲ ਨਹੀਂ ਹੋ ਰਹੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਤੋਂ ਜੇਕਰ ਸਖਤੀ ਨਾ ਪੁੱਛ ਗਿੱਛ ਕੀਤੀ ਜਾਵੇ ਤਾਂ ਵੱਡੇ ਖੁਲਾਸੇ ਹੋਣਗੇ ਤੇ ਸਾਰਾ ਸੱਚ ਬਾਹਰ ਆ ਜਾਵੇਗਾ ਕਿ ਗੁਰੂ ਦੀ ਬੇਅਦਬੀ ਕਿਸ ਨੇ ਕਰਾਈ ਨਿਹੱਥੀਆਂ ਸੰਗਤਾਂ ਦਾ ਕਤਲੇਆਮ ਕਿਸ ਦੇ ਇਸ਼ਾਰੇ ਤੇ ਹੋਇਆ।



# 100 ਸਾਲ ਪੁਰਾਣੀ ਪੰਜਾਬੀਆਂ ਦੀ ਆਪਣੀ ਪਾਰਟੀ ਹੀ ਪੰਜਾਬ ਦੇ ਸਾਰੇ ਮਸਲੇ ਹੱਲ ਕਰਨ ਦੇ ਸਮਰੱਥ : ਖੋਜੇਵਾਲ



**ਕਪੂਰਥਲਾ/ਲੋਕ ਬਾਣੀ**

ਕਪੂਰਥਲੇ ਦਾ ਵਿਕਾਸ ਹਰ ਵਾਰੀ ਮੀਂਹ ਵਿੱਚ ਡੁੱਬ ਜਾਂਦਾ ।

ਸਰੋਮਣੀ ਅਕਾਲੀ ਦਲ ਵਲੋ ਮਾਡਲ ਟਾਊਨ ਕਪੂਰਥਲਾ ਵਿੱਚ ਬਹੁਤ ਹੀ ਸਤਿਕਾਰਯੋਗ ਇਸਤਰੀ ਅਕਾਲੀ ਅਕਾਲੀ ਦਲ ਦੇ ਸਹਿਰੀ ਪ੍ਰਧਾਨ ਬੀਬੀ ਬਲਜਿੰਦਰ ਕਿਰ ਕਾਲੜਾ ਜੀ ਦੇ ਗ੍ਰਿਹ ਵਿਖੇ ਅਕਾਲੀ ਦਲ ਦੇ ਆਗੂਆਂ ਅਤੇ ਵਾਰਕਰਾ ਦੀ ਮੀਟਿੰਗ ਹੋਈ ਜਿਸ ਵਿੱਚ ਸ ਰਣਜੀਤ ਸਿੰਘ ਖੋਜੇਵਾਲ ਸਾਬਕਾ ਚੇਅਰਮੈਨ ਅਤੇ ਮੈਂਬਰ ਪੀ ਏ ਸੀ ਸਰੋਮਣੀ ਅਕਾਲੀ ਦਲ ਸਾਮਿਲ ਹੋਏ ਅਤੇ ਸਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਬ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲੋਂ ਸਰਕਾਰ ਆਉਣ ਤੇ ਗੰਨਾ ਕਿਸਾਨਾਂ ਦਾ ਸਮਰਥਨ ਮੁੱਲ 380 ਰੁਪਏ ਕਰਨ ਦਾ ਸਵਾਗਤ ਕੀਤਾ ।ਅਤੇ ਪੰਜਾਬ ਸਰਕਾਰ ਤੋਂ ਕਿਸਾਨਾਂ ਦੀਆ ਬਾਕੀ ਰਹਿੰਦੀਆਂ ਮੰਗਾ ਵੀ ਜਲਦੀ ਮੰਨਣ ਦੀ ਮੰਗ ਕੀਤੀ। ਰੱਖੜੀ ਦੇ ਪਵਿੱਤਰ ਤਿਓਹਾਰ ਮੋਕੇ ਭੈਣ ਭਰਾ ਦੇ ਪਵਿੱਤਰ ਰਿਸਤੇ ਹੋਰ ਮਜਬੂਤ ਹੋਣ ਦੀ ਕਾਮਨਾ ਕੀਤੀ।ਇਸ ਮੋਕੇ ਤੇ ਸੀਨੀਅਰ ਅਕਾਲੀ ਆਗੂ ਬੀਬੀ ਹਰਜੀਤ ਕੋਰ ਸਤਯੁਗੀ ਰਾਜਿੰਦਰ ਸਿੰਘ ਧੰਜਲ ਸਾਬਕਾ ਕੋਸਲਰ ਪਰਦੀਪ ਸਿੰਘ ਲਵੀ ਕੋਸਲਰ , ਬੀਬੀ ਗੋਗੀ, ਸੋਨੀਆਂ , ਰਣਜੀਤ ਕੋਰ, ਬਲਜਿੰਦਰ ਕੋਰ ਧੰਜਲ , ਰਾਜ ਕੋਰ,ਚੰਨੋ, ਵੈਸਾਲੀ, ਮਨਜਿੰਦਰ ਕੋਰ ਖਾਲਸਾ, ਦਲਵਿੰਦਰ ਕੋਰ , ਰਾਜਵਿੰਦਰ ਕੋਰ ,ਸੋਨੀਆਂ ਸਰਮਾ ਅਮਨਦੀਪ ਕੋਰ , ਹਰਦੀਪ ਕੋਰ , ਮਨਦੀਪ ਕੋਰ ,ਗਗਨ , ਪ੍ਰਭਜੋਤ ਕੋਰ, ਟਵਿੰਕਲ , ਸਰਬਜੀਤ ਸਿੰਘ ਦਿਉਲ , ਸੰਨੀ ਬੈਂਸ , ਜੋਬਨਜੀਤ ਸਿੰਘ ਜੋਹਲ ਹਾਜਰ ਸਨ ।

# ਰਾਜਸਥਾਨ ਸਰਕਾਰ ਦਾ ਵੱਡਾ ਫੈਸਲਾ ਡਾ ਅੰਬੇਡਕਰ ਦੀ ਹਰ ਦਫਤਰ 'ਚ ਤਸਵੀਰ ਲਗਾਉਣ ਦੇ ਹੁਕਮ

## ■ ਬਾਬਾ ਸਾਹਿਬ ਦੀ ਦੇਸ਼ ਨੂੰ ਵੱਡੀ ਦੇਣ : ਦਰਸ਼ਨ ਕਾਂਗੜਾ



**ਸੰਗਰੂਰ/ਵਰਮਾ**

ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਰਾਜਸਥਾਨ ਸਰਕਾਰ ਵੱਲੋਂ ਪਿਛਲੇ ਦਿਨੀਂ ਇੱਕ ਵੱਡਾ ਫੈਸਲਾ ਕਰਦਿਆਂ ਸੂਬੇ ਦੇ ਹਰ ਸਰਕਾਰੀ ਦਫਤਰ ਵਿੱਚ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ, ਭਾਰਤ ਰਤਨ ਤੇ ਮਹਾਂ ਵਿਦਵਾਨ ਡਾ ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਜਿਸ ਦਾ ਜੋਰਦਾਰ ਸਵਾਗਤ ਕਰਦਿਆਂ ਸੀਨੀਅਰ ਦਲਿਤ ਨੇਤਾ ਤੇ ਦਲਿਤ ਵੈਲਫੇਅਰ ਸੰਗਠਨ ਪੰਜਾਬ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਬਾਬਾ ਸਾਹਿਬ ਦੀ ਦੇਸ਼ ਅਤੇ ਦੇਸ਼ ਵਾਸੀਆਂ ਨੂੰ ਵੱਡੀ ਦੇਣ ਹੈ। ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ।ਦਰਸ਼ਨ ਸਿੰਘ ਕਾਂਗੜਾ ਸੰਗਠਨ ਦੇ ਮੁੱਖ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਰਾਜਸਥਾਨ ਸਰਕਾਰ ਵੱਲੋਂ ਸੂਬੇ ਦੇ ਬਲਾਕ ਪੱਧਰ ਤੋਂ ਲੈ ਕੇ ਮੁੱਖ ਦਫਤਰ ਤੱਕ ਸਮੂਹ ਸਰਕਾਰੀ ਦਫਤਰਾਂ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਤਸਵੀਰ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇੰਨਾਂ ਹੀ ਨਹੀਂ, ਇਸ ਨੂੰ ਸਖਤੀ ਨਾਲ ਲਾਗੂ ਕਰਵਾਉਣ ਲਈ ਜਿਸ ਦਫਤਰ ਵਿੱਚ ਬਾਬਾ ਸਾਹਿਬ ਦੀ ਤਸਵੀਰ ਨਹੀਂ ਹੋਵੇਗੀ ਉਸ ਦਫਤਰ ਦੇ ਵਿਰੁੱਧ ਸਖਤ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ।ਜੋ ਕਿ ਸ਼ਲਾਘਾਯੋਗ ਕਦਮ ਹੈ। ਜਿਸ ਲਈ ਉਹ ਰਾਜਸਥਾਨ ਸਰਕਾਰ ਦਾ ਦਲਿਤ ਵੈਲਫੇਅਰ ਸੰਗਠਨ ਪੰਜਾਬ ਵੱਲੋਂ ਕੋਟਿਨ-ਕੋਟਿ ਧੰਨਵਾਦ ਕਰਦੇ ਹਨ।

ਸੂਬਾ ਪ੍ਰਧਾਨ ਨੇ ਕਿਹਾ ਕਿ ਬਾਬਾ ਸਾਹਿਬ ਨੇ ਦੇਸ਼ ਦਾ ਸੰਵਿਧਾਨ ਲਿਖ ਕੇ ਇੱਕ ਵੱਡਾ ਉਪਰਾਲਾ ਕੀਤਾ। ਜਿਸ ਸਦਕਾ ਹਰ ਇੱਕ ਨੂੰ ਬਰਾਬਰਤਾ ਦੇ ਅਧਿਕਾਰ ਮਿਲੇ ਹਨ।ਜਿਸ ਦੀ ਬਦੌਲਤ ਅੱਜ ਸਾਡਾ ਦੇਸ਼ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਕਿਤੇ ਬਿਹਤਰ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਸਰਕਾਰ ਵਾਂਗ ਪੰਜਾਬ ਸਮੇਤ ਦੇਸ਼ ਦੀਆਂ ਸਮੂਹ ਸੂਬਾ ਸਰਕਾਰਾਂ ਨੂੰ ਇਹ ਹੁਕਮ ਜਾਰੀ ਕਰਨੇ ਚਾਹੀਦੇ ਹਨ।ਦਰਸ਼ਨ ਕਾਂਗੜਾ ਨੇ ਕਿਹਾ ਕਿ ਸਿਰਫ਼ ਤਸਵੀਰਾਂ ਹੀ ਨਹੀਂ, ਬਲਕਿ ਦੇਸ਼ ਭਰ ਦੇ ਸਮੂਹ ਸਰਕਾਰੀ ਤੇ ਨਿੱਜੀ ਸਕੂਲਾਂ/ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਸੰਵਿਧਾਨ ਪੜਾਉਣਾ ਵੀ ਯਕੀਨੀ ਬਣਾਇਆ ਜਾਵੇ। ਤਾਂ ਜੋ ਉਹਨਾਂ ਨੂੰ ਹੋਰਨਾਂ ਜਾਣਕਾਰੀਆਂ ਦੇ ਨਾਲ-ਨਾਲ ਆਪਣੇ ਸੰਵਿਧਾਨ ਦੀ ਵੀ ਹਰ ਤਰ੍ਹਾਂ ਦੀ ਪੂਰੀ ਜਾਣਕਾਰੀ ਮਿਲ ਸਕੇ। ਤਾਂ ਹੀ ਉਹ ਹੋਰ ਸੁਚੱਜੇ ਢੰਗ ਨਾਲ ਦੇਸ਼ ਦੀ ਸੇਵਾ ਕਰ ਸਕਦੇ ਹਨ। ਇਸ ਮੌਕੇ ਕਾਂਗੜਾ ਨਾਲ ਸੰਗਠਨ ਦੇ ਹੋਰ ਆਗੂ ਵੀ ਹਾਜ਼ਰ ਸਨ।

# ਯੂਥ ਅਕਾਲੀ ਦਲ ਦੀ ਰੈਲੀ ਨੇ ਬੰਨ੍ਹਿਆ ਜਥੇਦਾਰ ਤੋਤਾ ਸਿੰਘ ਦੀ ਜਿੱਤ ਦਾ ਮੁੱਢ ਰਿੱਕੀ





**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ ਰਣਜੀਤ ਸਿੰਘ ਸੰਧੂ**

ਸਾਬਕਾ ਕੈਬਨਿਟ ਮੰਤਰੀ ਜਥੇਦਾਰ ਤੋਤਾ ਸਿੰਘ ਨਿਧੜਕ ਜਰਨੈਲ ਵਿਕਾਸ ਦਾ ਮਸੀਹਾ ਸ਼੍ਰੋਮਣੀ ਅਕਾਲੀ ਦਲ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਦਾਰ ਬਲਜਿੰਦਰ ਸਿੰਘ ਮੱਖਣ ਬਰਾੜ ਮੁੱਖ ਸੇਵਾਦਾਰ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੀ ਅਗਵਾਈ ਹੇਠ ਧਰਮਕੋਟ ਦੇ ਪੈਲੇਸ ਵਿੱਚ ਯੂਥ ਅਕਾਲੀ ਦਲ ਦੀ ਅਹਿਮ ਮੀਟਿੰਗ ਹੋਈ। ਇਸ ਮੌਕੇ ਹਰਪ੍ਰੀਤ ਸਿੰਘ ਰਿੱਕੀ ਪ੍ਰਧਾਨ ਯੂਥ ਅਕਾਲੀ ਦਲ ਧਰਮਕੋਟ ਨੇ ਭਾਰੀ ਗਿਣਤੀ ਵਿਚ ਇਕੱਠੇ ਹੋਏ ਨੌਜਵਾਨਾਂ ਸਮੇਤ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦੀ ਇਹ ਇਤਿਹਾਸਕ ਮੀਟਿੰਗ ਆਉਣ ਵਾਲੀਆਂ 2022 ਦੀਆ ਚੋਣਾਂ ਵਿੱਚ ਜਥੇਦਾਰ ਤੋਤਾ ਸਿੰਘ ਦੀ ਜਿੱਤ ਦਾ ਮੁੱਢ ਬੰਨ੍ਹੇਗੀ ਕਿਉਂਕਿ ਨੌਜਵਾਨ ਵਰਗ ਕੈਪਟਨ ਅਮਰਿੰਦਰ ਸਿੰਘ ਦੇ ਝੂਠੇ ਲਾਰਿਆਂ ਤੋਂ ਬੁਰੀ ਤਰ੍ਹਾਂ ਅੱਕ ਚੁੱਕੇ ਹਨ ਅਤੇ ਨਾਂ ਹੀ ਕੇਜਰੀਵਾਲ ਦੇ ਝੂਠੇ ਲਾਰਿਆਂ ਆਉਣਗੇ

ਅਤੇ ਇਸ ਵਾਰ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੀ ਸਰਕਾਰ ਬਣਾਉਣ ਦਾ ਪੂਰਾ ਮਨ ਬਣਾ ਚੁੱਕੇ ਹਨ । ਇਸ ਮੌਕੇ ਬੋਲਦਿਆਂ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਕਿਹਾ ਕਿ ਨੌਜਵਾਨਾਂ ਦਾ ਭਾਰੀ ਗਿਣਤੀ ਵਿਚ ਇਕੱਠ ਅਤੇ ਜੋਸ ਵੇਖ ਕੇ ਇਸ ਹਲਕੇ ਵਿੱਚੋਂ ਸ੍ਰੋਮਣੀ ਅਕਾਲੀ ਦਲ-ਬਸਪਾ ਦੀ ਜਿੱਤ ਯਕੀਨੀ ਹੈ।ਉਹਨਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਸਿੰਘ ਨੇ ਜੋ 13 ਨੁਕਤੀ ਪ੍ਰੋਗ੍ਰਾਮ ਪੰਜਾਬ ਵਾਸੀਆਂ ਸਾਹਮਣੇ ਰੱਖੇ ਹਨ ਉਸ ਨੂੰ ਸ੍ਰੋਮਣੀ ਅਕਾਲੀ-ਬਸਪਾ ਦੀ ਸਰਕਾਰ ਆਉਣ ਤੇ ਪਹਿਲੀ ਕੈਬਨਿਟ ਵਿੱਚ ਪਾਸ ਕਰਕੇ ਲਾਗੂ ਕੀਤਾ ਜਾਵੇਗਾ ਉਨ੍ਹਾਂ ਕਿਹਾ ਕਿ ਇਹ ਰੈਲੀ ਵਿੱਚ ਸਿਰਫ਼ ਤਿੰਨਾਂ ਸਰਕਲਾਂ ਧਰਮਕੋਟ ਢੋਲੇਵਾਲਾ ਅਤੇ ਫਤਿਹਗੜ੍ਹ ਪੰਜਤੂਰ ਦੇ ਯੂਥ ਵਰਕਰ ਹਾਜਰ ਸਨ ਅਤੇ ਆਉਣ ਵਾਲੇ ਦਿਨਾਂ ਵਿਚ ਸਾਰੇ ਹਲਕੇ ਜੇ ਯੂਥ ਅਕਾਲੀ ਦਲ ਦੇ ਵਰਕਰਾਂ ਦਾ ਵੱਡਾ ਇਕੱਠ ਕੀਤਾ ਜਾਵੇਗਾ ਇਸ ਮੌਕੇ ਬਰਾੜ ਸਾਹਿਬ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਸਪਾ ਦੀ ਸਰਕਾਰ ਆਉਣ ਤੇ ਨੌਜਵਾਨਾਂ ਨੂੰ ਕਲੱਬਾਂ ਲਈ ਪਹਿਲ ਦੇ ਆਧਾਰ ਤੇ ਗਰਾਂਟਾਂ ਦਿੱਤੀਆਂ ਜਾਣਗੀਆਂ ਤਾਂ ਕਿ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਬਚ ਸਕੇ ਇਸ ਮੌਕੇ ਬਰਾੜ ਨੇ ਕਿਹਾ ਕਿ ਪੰਜਾਬ ਵਾਸੀਆਂ ਨੂੰ ਝੂਠੇ ਲਾਰੇ ਲਾ ਕੇ ਬਣੀ ਇਸ ਸਰਕਾਰ ਨੇ ਪਿਛਲੇ ਸਾਢੇ ਚਾਰ ਸਾਲਾਂ ਵਿਚ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ। ਜਦਕਿ ਅਕਾਲੀ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਦਿੱਤੀਆਂ ਸਹੂਲਤਾਂ ਨੂੰ ਵੀ ਬੰਦ ਕਰ ਦਿੱਤਾ ਗਿਆ । ਇਸ ਮੌਕੇ ਹਰਪ੍ਰੀਤ ਸਿੰਘ ਸਿੱਧੂ ਪ੍ਰਧਾਨ ਐਸਓਆਈ ਧਰਮਕੋਟ ਨਿਸ਼ਾਨ ਸਿੰਘ ਮੂਸੇਵਾਲਾ ਧਰਮਕੋਟ, ਮੀਤ ਪ੍ਰਧਾਨ ਪੰਜਾਬ ਗੁਰਮੇਲ ਸਿੰਘ ਸਿੱਧੂ, ਬੀਸੀ ਵਿੰਗ ਦੇ ਪ੍ਰਧਾਨ,ਜਗੀਰ ਸਿੰਘ ਜੱਜ , ਸ੍ਰੋਮਣੀ ਅਕਾਲੀ ਦਲ ਜਿਲ੍ਹਾ ਮੋਗਾ ਦੇ ਸੀਨੀਅਰ ਮੀਤ ਪ੍ਰਧਾਨ ਗੁਰਦਿਆਲ ਸਿੰਘ ਬੁੱਟਰ,ਭਜਨ ਸਿੰਘ ਬੱਤਰਾ ਸਾਬਕਾ ਕੌਂਸਲਰ , ਗੁਰਬਖਸ ਕੁਕੂ, ਹਰਕੋਮਲ ਕੌਮਲਾ ਯੂਥ ਆਗੂ, ਹਰਮੀਤ ਸਿੰਘ ਲਾਡੀ, ਐਸੀ ਵਿੰਗ ਦੇ ਪ੍ਰਧਾਨ ਤਰਸੇਮ ਸਿੰਘ ਭੱਟੀ, ਗੁਰਜੀਤ ਸਿੰਘ ਖਿੰਡਾ ਯੂਥ ਆਗੂ ਜਗਮੋਹਣ ਕਾਹਲੋਂ ਯੂਥ ਆਗੂ, ਹੈਪੀ ਭੁੱਲਰ, ਭਜਨ ਸਿੰਘ ਬੱਤਰਾ ਸੁਖਵਿੰਦਰ ਸਿੰਘ ਨੂਰਪੁਰ ਹਕੀਮਾਂ ਰਾਜਾ ਸਿੱਧੂ ਧਰਮਕੋਟ ਗੁਰਮੇਜ ਸਿੰਘ ਸਾਬਕਾ ਸਰਪੰਚ ਫਿਰੋਜਵਾਲਾ ਬਾਡਾ ਗੁਰਦੇਵ ਸਿੰਘ ਭੋਲਾ ਸਰਕਲ ਪ੍ਰਧਾਨ ਫਤਿਹਗੜ੍ਹ ਪੰਜਤੂਰ ਗੁਰਚਰਨ ਸਿੰਘ ਲਲਿਹਾਂਦੀ ਜੋਗਿੰਦਰ ਸਿੰਘ ਮੁੰਡੀ ਜਮਾਲ ਸਾਬਕਾ ਚੇਅਰਮੈਨ ਤਰਸੇਮ ਸਿੰਘ ਅਵਤਾਰ ਸਿੰਘ ਵਿਰਕ ਗੁਰਨਾਮ ਸਿੰਘ ਢਿੱਲੋਂ ਸੁੱਖਾ ਸਿੰਘ ਵਿਰਕ ਮਹਿੰਦਰ ਸਿੰਘ ਸਰਪੰਚ ਨਛੱਤਰ ਸਿੰਘ ਢੋਲਣੀਆਂ ਸ਼ਵਿੰਦਰ ਸਿੰਘ ਬਿੱਟੂ ਸ਼ਹਿਰੀ ਪ੍ਰਧਾਨ ਰਾਜਵਿੰਦਰ ਸਿੰਘ ਕੜਾਏਵਾਲਾ ਵਿਜੇ ਕੁਮਾਰ ਨੀਲਾ ਗੁਰਮੇਲ ਸਿੰਘ ਮਨਜਿੰਦਰ ਸਿੰਘ ਬਾਬਾ ਸਰਕਲ ਪ੍ਰਧਾਨ ਕਸਮੀਰ ਸਿੰਘ ਬਾਜੇਕੇ ਪੱਪੂ ਕਮਾਲਕੇ ਪਰਮਜੀਤ ਸਿੰਘ ਵਿਰਕ ਦਵਿੰਦਰ ਸਿੰਘ ਬੱਗੇ, ਸੋਨੀ ਮੈਂਬਰ ਨੂਰਪੁਰ ਹਕੀਮਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਯੂਥ ਅਕਾਲੀ ਦਲ ਦੇ ਵਰਕਰ ਅਤੇ ਆਗੂ ਹਾਜ਼ਰ ਸਨ।

## ਕਲੇਰ ਦੀ ਸਖਸੀਅਤ ਨੇ ਹਲਕੇ ਦੇ ਨੌਜਵਾਨ ਕੀਲੇ



**ਜਗਰਾਉਂ/ਅਰਜੁਨ ਸਹਿਜਪਾਲ**

ਇਲਾਕੇ ਭਰ ਦੇ ਵੱਖ-ਵੱਖ ਖੇਤਰਾਂ ਨਾਲ ਜੁੜੇ ਨੌਜਵਾਨਾਂ ਦਾ ਜੱਥਾ ਐਸ ਆਰ ਕਲੇਰ ਨੂੰ ਮਿਲਿਆ ਜਿੱਥੇ ਉਨ੍ਹਾਂ ਸ੍ਰੀ ਕਲੇਰ ਦੀ ਰਾਜਨੀਤਕ, ਸਮਾਜਿਕ ਕਾਰਗੁਜਾਰੀ ਦੀ ਖੂਬ ਪ੍ਰਸੰਸਾ ਕੀਤੀ। ਇਨ੍ਹਾਂ ਨੌਜਵਾਨਾਂ ਨੇ ਪਿਛਲੇ ਸਮੇਂ ਦੀਆਂ ਸਿਆਸੀ ਗਤੀਵਿਧੀਆਂ ਰਾਹੀਂ ਭਾਈਚਾਰਕ ਏਕਤਾ ਨੂੰ ਸੱਟ ਮਾਰਨ ਦੇ ਮਾਮਲੇ ਨਾਲ-ਨਾਲ ਹਲਕੇ ਦੇ ਵਿਕਾਸ ਵਿੱਚ ਆਈ ਖੜੋਤ ‘ਤੇ ਵਿਸੇਸ ਚਰਚਾ ਕੀਤੀ ।ਇਸ ਮੌਕੇ ਇਨ੍ਹਾਂ ਨੌਜਵਾਨਾਂ ਨੇ ਸ੍ਰੀ ਕਲੇਰ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪਿਛਲੇ ਕਾਰਜਕਾਲ ਦੌਰਾਨ ਜੋ ਵਿਕਾਸ ਉਨ੍ਹਾਂ ਵਲੋਂ ਕੀਤੇ ਗਏ ਹਨ ,ਉਨ੍ਹਾਂ ਦਾ ਕੋਈ ਤੋੜ ਨਹੀਂ ਹੈ। ਉਨ੍ਹਾਂ ਸਪੱਸਟ ਕੀਤਾ ਕਿ ਇਲਾਕੇ ਦੇ ਲੋਕ ਐਸ. ਆਰ. ਕਲੇਰ ਦੇ ਰੂਪ’ਚ ਇਕ ਇਮਾਨਦਾਰ, ਸਾਫ ਸੁਥਰੇ,ਪੜੇ ਲਿਖੇ ਤੇ ਆਮ ਲੋਕਾਂ ਦੇ ਦੁੱਖਾਂ ਸੁੱਖਾਂ ਵਿਚ ਸਾਥ ਦੇਣ ਵਾਲੇ ਆਗੂ ਨੂੰ ਖੋਹਣਾਂ ਨਹੀਂ ਚਾਹੁੰਦੇ ।ਇਸ ਮੌਕੇ ਸ੍ਰੀ ਐਸ ਆਰ ਕਲੇਰ ਨੇ ਕਿਹਾ ਕਿ ਉਹਨਾਂ ਦਾ ਮੁੱਖ ਮੰਤਵ ਹੀ ਹਲਕੇ ਦਾ ਵਿਕਾਸ, ਭਾਈਚਾਰਕ ਏਕਤਾ ਤੇ ਨੌਜਵਾਨ ਵਰਗ ਦਾ ਨਿਰੋਆ ਤੇ ਨਸਿਆਂ ਰਹਿਤ ਜੀਵਨ ਹੈ। ਸ੍ਰੀ ਕਲੇਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਮੇਰੇ ਹਲਕੇ ਦੇ ਬੱਚੇ ਮੈਨੂੰ ਏਨਾਂ ਪਿਆਰ ਕਰਦੇ ਨੇ ਮੈਂ ਸੋਚ ਵੀ ਨਹੀਂ ਸਕਦਾ ।ਇਸ ਮੌਕੇ ਰਵੀਜੋਤ ਸਿੰਘ ,ਅਰਸ਼ਪ੍ਰੀਤ ਸਿੰਘ ਪ੍ਰਿੰਸ ,ਅਵਤਾਰ ਸਿੰਘ, ਰੋਹਿਤ ਕੁਮਾਰ ,ਸੁਰਜੀਤ ਸਿੰਘ ,ਜਤਿੰਦਰ ਸਿੰਘ ,ਜਸ਼ਨਪ੍ਰੀਤ ਸਿੰਘ ਅਮ੍ਰਿਤਪਾਲ ਸਿੰਘ ,ਕਰਨਵੀਰ ਸਿੰਘ, ਜਸਵਿੰਦਰ ਸਿੰਘ, ਰਾਜਵਿੰਦਰ ਸਿੰਘ ,ਅਜੇ ਭੱਟ ਗਗਨ ਮਨਪ੍ਰੀਤ ਸਿੰਘ, ਅਮਨਦੀਪ ਸਿੰਘ ਕੀਪਾ, ਹਾਜਰ ਸਨ।

## ਨਿਪਾੱਨ ਇੰਡਿਆ ਐਮਐਫ ਨੇ ਅਪਣੇ ਨਿਯੂ ਫੰਡ ਆਫਰ ਦੂਆਰਾ ਇਕੱਠੇ ਕੀਤੇ 2860 ਕਰੋੜ ਰੁਪਏ



**ਚੰਡੀਗੜ੍ਹ/ਲੋਕ ਬਾਣੀ**

ਨਿਪਾੱਨ ਇੰਡਿਆ ਮਿਯੂਚਲ ਫੰਡ (ਐਨਆਈਐਮਐਫ) ਨੇ ਅਪਣੇ ‘ਨਿਪਾੱਨ ਇੰਡਿਆ ਫਲੈਕਸੀਕੈਪ ਫੰਡ’ ਦੇ ਐਨਐਫਓ ਨੂੰ ਸਫਲਤਾਪੂਰਕ ਪੂਰਾ ਕੀਤਾ। ਇਸ ਫੰਡ ਦੇ ਰਾਹੀਂ ਕੰਪਨੀ ਨੇ 2860 ਕਰੋੜ ਰੁਪਏ ਇਕੱਠੇ ਕੀਤੇ। ਇਸ ਐਨਐਫਉ ਦੇ ਦੌਰਾਨ ਭਾਰਤ ਦੇ ਕੁਲ 60 ਫੀਸਦੀ ਸ਼ਹਿਰਾਂ ਵਿਚ ਨਿਵੇਸ਼ਕਾਂ ਤਕ ਦੀ ਇਹ ਸਫਲ ਪਹੂੰਚ ਰਹੀ ਹੈ। 2398 ਸ਼ਹਿਰਾਂ ਵਿਚ ਫੈਲੇ ਢਾਈ ਲੱਖ ਤੋਂ ਵੀ ਜਿਆਦਾ ਨਿਵੇਸ਼ਕਾਂ ਦੂਆਰਾ ਐਨਐਫਉ ਵਿਚ ਨਿਵੇਸ਼ ਕੀਤੇ ਗਏ ਹਨ। ਐਸਆਈਪੀ ਦੇ ਲਈ 53,000 ਤੋਂ ਵੀ ਜਿਆਦਾ ਐਪਲੀਕੇਂਸ਼ਨ ਪ੍ਰਾਪਤ ਹੋਈ ਜੋ ਇਕ ਉਤਪਾਦ ਦੇ ਲਈ ਨਿਵੇਸ਼ਕਾਂ ਅਤੇ ਡਿਸਟ੍ਰੀਬਿਯੂਟਰਾਂ ਦੀ ਲੰਬੀ ਅਵਧਿ ਦੀ ਪ੍ਰਤੀਬੱਧਤਾ ਨੂੰ ਦਰਸ਼ਾਉਂਦਾ ਹੈ। ਨਿਪਾੱਨ ਇੰਡਿਆ ਮਿਯੂਚਲ ਫੰਡਾ ਦੇ ਕਾਰਜਕਾਰੀ ਨਿਦੇਸ਼ਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਸੰਦੀਪ ਸਿੱਕਾ ਨੇ ਕਿਹਾ ਕਿ ਪਿੱਛਲੇ 15 ਮਹੀਨਿਆਂ ਵਿਚ ਨਿਪਾੱਨ ਇੰਡਿਆ ਮਿਯੂਚਲ ਫੰਡ ਵਿਚ ਸ਼ਾਮਲ ਹੋਏ 15 ਲੱਖ ਨਵੇਂ ਨਿਵੇਸ਼ਕਾਂ ਦੇ ਵਿਸ਼ਵਾਸ ਰਾਹੀ ਹੋਇਆ ਹੈ।





# ਸਮਾਰਟ ਸਕੂਲ ਛੰਨਾ ਸ਼ੇਰ ਸਿੰਘ ਵਿਖੇ ਰੱਖੜੀ ਮੇਕਿੰਗ ਮੁਕਾਬਲੇ ਕਰਵਾਏ ਗਏ

**ਸੁਲਤਾਨਪੁਰ ਲੋਧੀ/ਲਖਵਿੰਦਰ ਸਿੰਘ ਜੰਮੂ**

ਸਰਕਾਰੀ ਸਮਾਰਟ ਐਲੀਮੈਂਟਰੀ ਸਕੂਲ ਛੰਨਾ ਸ਼ੇਰ ਸਿੰਘ ਵਿਖੇ ਭੈਣ - ਭਰਾ ਦੇ ਪਿਆਰ ਪ੍ਰਤੀਕ ਰੱਖੜੀ ਦੇ ਸ਼ੁੱਭ ਦਿਹਾੜੇ ਮੌਕੇ ਰਾਖੀ ਮੇਕਿੰਗ ਪ੍ਰਤੀਯੋਗਿਤਾ ਦਾ ਆਯੋਜਨ ਹੈੱਡ ਟੀਚਰ ਅਵਤਾਰ ਸਿੰਘ ਹੈਬਤਪੁਰ ਦੀ ਅਗਵਾਈ ਵਿੱਚ ਕੀਤਾ ਗਿਆ ।ਜਿਸ ਵਿੱਚ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ ਆਪਣੇ ਹੱਥੀਂ ਸੁੰਦਰ ਰੱਖੜੀਆਂ ਤਿਆਰ ਕੀਤੀਆਂ । ਇਸ ਦੌਰਾਨ ਰੱਖੜੀ ਦੀ ਮਹੱਤਤਾ ਬਾਰੇ ਦੱਸਦੇ ਹੋਏ ਇੰਦਰਜੀਤ ਸਿੰਘ ਬਿਧੀਪੁਰ ਨੇ ਕਿਹਾ ਰੱਖੜੀ ਦਾ ਤਿਉਹਾਰ ਭੈਣ ਭਰਾ ਦੇ ਪਿਆਰ ਦਾ ਪ੍ਰਤੀਕ ਹੈ। ਉਹਨਾਂ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਤਿਉਹਾਰ ਦੀ ਵਧਾਈ ਵੀ ਦਿੱਤੀ। ਇਸ ਦੌਰਾਨ ਰੱਖੜੀ ਬਣਾਉਣ ਦੇ ਮੁਕਾਬਲੇ ਵਿੱਚ ਪਹਿਲੀ ਦੂਜੀ ਤੇ ਤੀਸਰੀ ਪਜੀਸ਼ਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਇਹਨਾਂ ਮੁਕਾਬਲਿਆਂ ਨੂੰ ਸਫ਼ਲ ਬਣਾਉਣ ਵਿੱਚ ਅਵਤਾਰ ਸਿੰਘ ਸਕੂਲ ਮੁੱਖੀ,ਰਸਪਾਲ ਸਿੰਘ ਵੜੈਚ,ਇੰਦਰਜੀਤ ਸਿੰਘ,ਮਨਪ੍ਰੀਤ ਕੌਰ,ਪਰਮਵੀਰ ਕੌਰ,ਨੀਲਮ ਕੁਮਾਰੀ ਆਦਿ ਨੇ ਅਹਿਮ ਭੂਮਿਕਾ ਨਿਭਾਈ।

# ਭਾਰਤੀ ਸੰਸਕ੍ਰਿਤੀ ਵਿੱਚ ਦਰਖਤ-ਬੂਟੀਆਂ ਦੀ ਪੂਜਾ ਦੀ ਪਰੰਪਰਾ ਸਦੀਆਂ ਪੁਰਾਣੀ ਰਹੀ ਹੈ : ਮਾਂ ਵੀਨਾ ਸ਼ਰਮਾ



**ਕਪੂਰਥਲਾ/ਲੋਕ ਬਾਣੀ**

ਕਪੂਰਥਲਾ ਦੇ ਸਿੱਧ ਸ਼ਕਤੀ ਪਿੱਠ ਜੈ ਮਾਂ ਛਿੰਨਮਸਤੀਕਾ ਦੇਵੀ ਮੰਦਿਰ ਅਜਿਤ ਨਗਰ ਵਿੱਚ ਐਤਵਾਰ ਨੂੰ ਦਰਖਤਾਂ ਨੂੰ ਰੱਖਿਆ ਸੂਤਰ ਬੰਨ ਕੇ ਮਹਿਲਾਵਾਂ ਨੇ ਰੱਖੜੀ ਦਾ ਤਿਉਹਾਰ ਮਨਾਇਆ ਅਤੇ ਉਨ੍ਹਾਂ ਦੀ ਸੁਰੱਖਿਆ ਦਾ ਸੰਕਲਪ ਲਿਆ ।ਸਵੇਰੇ ਮੰਦਿਰ ਵਿੱਚ ਅਨੋਖੇ ਤਰੀਕੇ ਨਾਲ ਮਹਿਲਾਵਾਂ ਨੇ ਮਾਂ ਵੀਣਾ ਸ਼ਰਮਾ ਦੇ ਨਾਲ ਇਹ ਤਿਉਹਾਰ ਮਨਾਇਆ ।ਵਾਤਾਵਰਣ ਦੀ ਸੁਰੱਖਿਆ ਲਈ ਦਰਖਤਾਂ ਦੇ ਮਹੱਤਵ ਨੂੰ ਵੇਖਦੇ ਹੋਏ ਮਹਿਲਾਵਾਂ ਨੇ ਮੰਦਿਰ ਵਿੱਚ ਦਰਖਤਾਂ ਨੂੰ ਰੱਖਿਆ ਸੂਤਰ ਬਣਿਆ ਅਤੇ ਉਨ੍ਹਾਂ ਦੀ ਪੂਜਾ ਕੀਤੀ ।ਮਹਿਲਾਵਾਂ ਨੇ ਇਸ ਦੌਰਾਨ ਦਰਖਤਾਂ ਦੀ ਰੱਖਿਆ ਦਾ ਸੰਕਲਪ ਵੀ ਲਿਆ ।ਮਾਂ ਵੀਣਾ ਸ਼ਰਮਾ ਨੇ ਦੱਸਿਆ ਪਾਣੀ, ਅੱਗ, ਧਰਤੀ ਦੇ ਨਾਲ ਦਰਖਤਾਂ ਦੀ ਪੂਜਾ ਕਰਣ ਦੀ ਪਰੰਪਰਾ ਭਾਰਤੀ ਸੰਸਕ੍ਰਿਤੀ ਵਿੱਚ ਪੁਰਾਣੀ ਹੈ। ਰੁੱਖ ਸਾਡੇ ਤੋਂ ਕੁੱਝ ਨਹੀਂ ਲੈਂਦੇ ਹਨ,ਪਰ ਉਨ੍ਹਾਂ ਵਲੋਂ ਮਨੁੱਖ ਨੂੰ ਸ਼ੁੱਧ ਹਵਾ, ਫਲ, ਸਵੱਛ ਅਤੇ ਸੀਤਲ ਮਾਹੌਲ ਪ੍ਰਾਪਤ ਹੁੰਦਾ ਹੈ। ਵਾਤਾਵਰਣ ਦੀ ਸੁਰੱਖਿਆ ਦੇ ਪ੍ਰਤੀ ਲੋਕਾ ਨੂੰ ਜਾਗਰੂਕ ਕਰਕੇ ਉਨ੍ਹਾਂ ਦੇ ਜੀਵਨ ਵਿੱਚ ਰੁੱਖਾਂ ਦਾ ਮਹੱਤਵ ਦੱਸਣ ਲਈ ਇਹ ਅਨੋਖੇ ਤਰੀਕੇ ਨਾਲ ਰੱਖੜੀ ਦਾ ਤਿਉਹਾਰ ਮਨਾਇਆ ਗਿਆ ।ਮਾਂ ਵੀਣਾ ਸ਼ਰਮਾ ਨੇ ਕਿਹਾ ਕਿ ਬੂਟੇ ਸਾਡੇ ਮਿੱਤਰ ਹਨ ਜੋ ,ਸਾਡੇ ਜੀਵਨ ਦੀ ਹਰ ਇੱਕ ਸਾਂਸ ਲਈ ਆਪਣੀ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ ।ਉਨ੍ਹਾਂਨੇ ਕਿਹਾ ਕਿ ਬੂਟੀਆਂ ਦੇ ਅਣਹੋਂਦ ਵਿੱਚ ਮਨੁੱਖ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਹੈ ।ਸਾਡੀ ਧਰਤੀ ਇਸ ਲਈ ਹੀ ਹੋਰ ਗ੍ਰਿਹਾ ਤੋਂ ਅਲੱਗ ਹੈ ਕਿ ਕੇਵਲ ਇਸ ਗ੍ਰਹਿ ਤੇ ਹੀ ਜੀਵਨ ਹੈ ਹੋਰ ਕਿਸੇ ਤੇ ਨਹੀਂ ।ਉਨ੍ਹਾਂਨੇ ਕਿਹਾ ਕਿ ਰੁੱਖ ਭਰਾ ਦੀ ਸੁਰੱਖਿਆ ਨਾਲ ਧਰਤੀ ਤੇ 84 ਲੱਖ ਯੋਨੀਆਂ ਦੀ ਸੁਰੱਖਿਆ ਹੋਵੇਗੀ ।ਉਨ੍ਹਾਂਨੇ ਕਿਹਾ ਕਿ ਵੱਧਦੇ ਤਾਪਮਾਨ ਨੂੰ ਰੋਕਣ ਦਾ ਇੱਕ ਹੀ ਵਿਕਲਪ ਹੈ ਕਿ ਜਿਆਦਾ ਤੋਂ ਜਿਆਦਾ ਬੂਟੇ ਲਗਾਉਣਾ ।ਆਉਣ ਵਾਲੇ ਸ਼ਮੇ ਵਿੱਚ ਗਰਮੀ ਦੇ ਨਾਲ-ਨਾਲ ਮੀਂਹ ਦੇ ਮੌਸਮ ਵਿੱਚ ਵੀ ਪੀਣ ਦੇ ਪਾਣੀ ਦੀ ਸਮੱਸਿਆ ਪੈਦਾ ਹੋ ਸਕਦੀ ਹੈ ।ਇਸਤੋਂ ਬਚਨ ਲਈ ਹਰ ਇੱਕ ਵਿਅਕਤੀ ਨੂੰ ਵਾਤਾਵਰਣ ਧਰਮ ਦੇ 8 ਮੂਲ ਮੰਤਰਾਂ ਨੂੰ ਅਪਣਾਉਣਾ ਹੋਵੇਗਾ ।ਉਨ੍ਹਾਂਨੇ ਕਿਹਾ ਕਿ ਭਾਰਤੀ ਸੰਸਕ੍ਰਿਤੀ ਵਿੱਚ ਦਰਖਤ-ਬੂਟੀਆਂ ਦੀ ਪੂਜਾ ਦੀ ਪਰੰਪਰਾ ਸਦੀਆਂ ਪੁਰਾਣੀ ਰਹੀ ਹੈ ।ਸਾਡੇ ਪ੍ਰਾਚੀਨ ਧਾਰਮਿਕ ਗ੍ਰੰਥਾਂ ਵਿੱਚ ਵੀ ਰੁੱਖਾਂ ਦੀ ਵਡਿਆਈ ਦਾ ਵਰਣਨ ਮਿਲਦਾ ਹੈ।


# ਕਾਂਗਰਸ ਸਰਕਾਰ ਤੋਂ ਦੁਖੀ ਲੋਕ ਅਕਾਲੀ-ਬਸਪਾ ਸਰਕਾਰ ਬਣਾਉਣ ਲਈ ਉਤਾਵਲੇ : ਜਿੰਦੂ

**ਮਮਦੋਟ/ਲੋਕ ਬਾਣੀ**

ਮੌਜੂਦਾ ਕਾਂਗਰਸ ਪਾਰਟੀ ਦੇ ਰਾਜ ਦੋਰਾਨ ਰਿਸ਼ਵਤ ਖੋਰੀ, ਗੁੰਡਾਗਰਦੀ, ਅਤੇ ਲੁੱਟਾਂ ਖੋਹਾਂ ਦੀਆ ਵਾਰਦਾਤਾ ਵਿੱਚ ਭਾਰੀ ਵਾਧਾ ਹੋਣ ਕਾਰਨ ਸੂਬੇ ਦੇ ਲੋਕ ਪੂਰੀ ਤਰਾਂ ਦੁਖੀ ਹੋ ਚੁੱਕੇ ਹਨ ਅਤੇ ਮੌਜੂਦਾ ਕਾਂਗਰਸ ਸਰਕਾਰ ਨੂੰ ਅਲਵਿਦਾ ਆਖ ਕੇ ਫਿਰ ਤੋ ਪੰਜਾਬ ਵਿੱਚ ਅਕਾਲੀ-ਬਸਪਾ ਗਠਜੋੜ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ, ਕਿਉਕਿ ਸੂਬੇ ਦਾ ਵਿਕਾਸ ਪਹਿਲਾ ਵੀ ਸ਼੍ਰੋਮਣੀ ਅਕਾਲ ਦਲ ਦੀ ਸਰਕਾਰ ਸਮੇ ਹੀ ਹੋਇਆ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਫਿਰੋਜਪੁਰ ਦਿਹਾਤੀ ਦੇ ਹਲਕਾ ਵਿਧਾਇਕ ਜੋਗਿੰਦਰ ਸਿੰਘ ਜਿੰਦੂ ਨੇ ਵੱਖ-ਵੱਖ ਸਰਹੱਦੀ ਪਿੰਡਾਂ ਦਾ ਦੌਰਾ ਕਰਨ ਤੋ ਬਾਅਦ ਮਮਦੋਟ ਵਿਖੇ ਪੱਤਰਕਾਰਾਂ ਨਾਲ ਸਾਝਾਂ ਕੀਤਾ। ਇਸ ਮੌਕੇ ਤੇ ਉਹਨਾਂ ਦੇ ਨਾਲ ਜਥੇਦਾਰ ਚਮਕੌਰ ਸਿੰਘ ਟਿੱਬੀ ਕਲਾਂ, ਜੋਗਾ ਸਿੰਘ ਮੁਰਕ ਵਾਲਾ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ, ਸ਼ਾਮ ਲਾਲ ਮਹਿਤਾ ਅਤੇ ਸੁਰਿੰਦਰ ਕੁਮਾਰ ਕਾਲਾ ਪ੍ਰਧਾਨ ਸ਼ਹਿਰੀ ਵਿਸ਼ੇਸ਼ ਤੌਰ ਤੇ ਹਾਜਰ ਸਨ। ਇਸ ਮੌਕੇ ਤੇ ਜੋਗਿੰਦਰ ਸਿੰਘ ਜਿੰਦੂ ਨੇ ਕਿਹਾ ਕਿ ਵੱਖ-ਵੱਖ ਪਿੰਡਾਂ ਦੇ ਵਸਨੀਕ ਕਾਂਗਰਸ ਦੀਆ ਲੋਕ ਮਾਰੂ ਨੀਤੀਆਂ ਤੋ ਪੂਰੀ ਤਰਾਂ ਤੰਗ ਆ ਚੁੱਕੇ ਹਨ ਅਤੇ ਹੁਣ ਕਾਂਗਰਸ ਨੂੰ ਕਿਸੇ ਵੀ ਤਰਾਂ ਨਾਲ ਮੂੰਹ ਨਹੀ ਲਾਉਣਾ ਚਾਹੁੰਦੇ ਉਹਨਾਂ ਕਿਹਾ ਕਿ ਇਸੇ ਤਰਾਂ ਆਮ ਆਦਮੀ ਪਾਰਟੀ ਦੇ ਆਗੂ ਵੀ ਆਪਣੀ ਵੱਖਰੀ-ਵੱਖਰੀ ਡੱਫਲੀ ਵਜਾ ਰਹੇ ਹਨ, ਜਦੋ ਕਿ ਇਹ ਪਾਰਟੀ ਤਾ ਆਪਣੇ ਮੁੱਖ ਮੰਤਰੀ ਦਾ ਅਜੇ ਤੱਕ ਨਾਮ ਵੀ ਨਹੀ ਦਸ ਸਕਦੀ। ਉਹਨਾਂ ਕਿਹਾ ਕਿ ਜਿਸ ਗੱਡੀ ਦਾ ਇੰਜਣ ਹੀ ਨਾ ਹੋਵੇ ਉਹ ਗੱਡੀ ਬਿਨਾ ਇੰਜਣ ਤੋ ਕਿਵੇ ਚੱਲ ਸਕਦੀ ਹੈ। ਉਹਨਾਂ ਕਿਹਾ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਰੇਕ ਵਿਧਾਨ ਸਭਾ ਹਲਕੇ ਵਿੱਚ ਜਾ ਕੇ ਪਿੰਡ ਪਿੰਡ ਲੋਕਾ ਦੀਆ ਮੁਸ਼ਕਿਲਾਂ ਸੁਣ ਰਹੇ ਹਨ ਅਤੇ ਲੋਕਾਂ ਵਿੱਚ ਵਿਚਰ ਰਹੇ ਹਨ। ਜਿਸ ਕਰਕੇ ਵੱਡੀ ਗਿਣਤੀ ਵਿੱਚ ਲੋਕ ਦੂਸਰੀਆਂ ਪਾਰਟੀਆਂ ਨੂੰ ਅਲਵਿਦਾ ਆਖ ਕੇ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਰਹੇ ਹਨ। ਸਾਬਕਾ ਵਿਧਾਇਕ ਜਿੰਦੂ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋ ਕੀਤੇ ਗਏ 13 ਐਲਾਨਾਂ ਨਾਲ ਹਰੇਕ ਵਰਗ ਨੂੰ ਉਸਦਾ ਬਹੁਤ ਫਾਇਦਾ ਹੋਵੇਗਾ। ਜਿਸ ਤਹਿਤ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਤੇ ਹਰ ਮਹੀਨੇ 400 ਯੂਨਿਟ ਪ੍ਰਤੀ ਪਰਿਵਾਰ ਬਿਜਲੀ ਬਿੱਲ ਮੁਆਫੀ , ਖੇਤੀ ਸੈਕਟਰ ਵਾਸਤੇ ਡੀਜ਼ਲ ਵਿੱਚ 10 ਰੁਪਏ ਪ੍ਰਤੀ ਲੀਟਰ ਦੀ ਛੂਟ, ਬੁਢਾਪਾ ਪੈਨਸ਼ਨ ਵਿੱਚ ਵਾਧਾ ਆਦਿ ਤੋ ਸਾਰੇ ਵਰਗਾਂ ਦੇ ਲੋਕ ਖੁਸ਼ ਹਨ।



# ਪੰਜਾਬ ਦੇ ਖੇਡ ਮੰਤਰੀ ਨੂੰ ਭੇਟ ਕੀਤਾ ਕਵਿਤਾ ਸੰਗ੍ਰਹਿ



**ਚੰਡੀਗੜ੍ਹ/ਵਿਨੋਦ ਕੁਮਾਰ**

ਸਾਹਿਤਕਾਰ ਡਾ ਵਿਨੋਦ ਕੁਮਾਰ ਸਰਮਾ ਨੇ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਡੀ ਨੂੰ ਹਯਾਤ ਹੋਟਲ ਵਿਖੇ ਆਯੋਜਿਤ ਇੱਕ ਸਮਾਗਮ ਦੌਰਾਨ ਕਵਿਤਾ ਸੰਗ੍ਰਹਿ "ਬਦਤੇ ਕਦਮ" ਭੇਂਟ ਕੀਤਾ। ਉਨ੍ਹਾਂ ਡਾ: ਵਿਨੋਦ ਸਰਮਾ ਨੂੰ ਇਸ ਕਾਵਿ ਕਵਿਤਾ ਲਈ ਵਧਾਈ ਦਿੱਤੀ।

PB 32 LOUNGE AND BAR







M-85569-55644, 7888534947
CHD ROAD, Nawanshahr Mandi,
Nawanshahr - 144514, NEAR SUTLEJ CINEMA

# ਵਿਧਾਇਕ ਢਿੱਲੋਂ, ਲੱਖਾ ਤੇ ਮੇਅਰ ਸੰਧੂ ਵੱਲੋਂ 200 ਕਿਉਸਿਕ ਨਹਿਰੀ ਪਾਣੀ ਬੁੱਢੇ ਨਾਲੇ 'ਚ ਛੱਡਣ ਦੇ ਪ੍ਰੋਜੈਕਟ ਦਾ ਕੀਤਾ ਉਦਘਾਟਨ

**ਲੁਧਿਆਣਾ/ਲੋਕ ਬਾਣੀ**

ਬੁੱਢੇ ਨਾਲੇ ਨੂੰ ਮੁੜ ਬੁੱਢੇ ਦਰਿਆ ਦਾ ਰੂਪ ਦੇਣ ਦੇ ਮੱਦੇਨਜ਼ਰ, ਵਿਧਾਇਕ ਸਮਰਾਲਾ ਸ. ਅਮਰੀਕ ਸਿੰਘ ਢਿੱਲੋਂ, ਵਿਧਾਇਕ ਪਾਇਲ ਲਖਬੀਰ ਸਿੰਘ ਲੱਖਾ ਅਤੇ ਲੁਧਿਆਣਾ ਦੇ ਮੇਅਰ ਸ. ਬਲਕਾਰ ਸਿੰਘ ਸੰਧੂ ਵੱਲੋਂ ਅੱਜ 9.80 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਦਾ ਉਦਘਾਟਨ ਕੀਤਾ ਜਿਸ ਦੇ ਤਹਿਤ ਰੋਜ਼ਾਨਾ 200 ਕਿਉਸਕ ਤਾਜ਼ਾ ਪਾਣੀ ਛੱਡਿਆ ਜਾਵੇਗਾ।

ਨੀਲੋਂ ਪਿੰਡ ਨੇੜੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਵਿਧਾਇਕਾਂ ਅਤੇ ਮੇਅਰ ਨੇ ਕਿਹਾ ਕਿ ਇਹ ਕੰਮ ਸਰਹਿੰਦ ਨਹਿਰ ਦੇ ਨੀਲੋ ਡਰੇਨ ਰਾਹੀਂ ਨਹਿਰੀ ਪਾਣੀ ਨੂੰ ਨਾਲੇ ਵਿੱਚ ਛੱਡ ਕੇ ਬੁੱਢੇ ਨਾਲੇ ਨੂੰ ਸਾਫ਼ ਕਰਨ ਦੇ 650 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਦਾ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਪ੍ਰਾਜੈਕਟ ਅਧੀਨ, ਕਾਰਜਕਾਰੀ ਏਜੰਸੀ ਜਲ ਸਰੋਤ ਵਿਭਾਗ ਨੇ ਸ਼ੀਟ ਪਾਇਲਿੰਗ ਤਕਨੀਕ ਦੀ ਵਰਤੋਂ ਕਰਦੇ ਹੋਏ, ਸਰਹਿੰਦ ਨਹਿਰ ਤੋਂ 200 ਕਿਉਕਿਸ ਪਾਣੀ ਲਿਜਾਣ ਲਈ ਇੱਕ ਏਸਕੇਪ ਰੈਗੂਲੇਟਰ ਦਾ ਨਿਰਮਾਣੈ, ਚਾਰ ਪਿੰਡਾਂ ਦੀਆਂ ਸੜਕਾਂ ਦੇ ਪੁਲ, ਪੰਜ ਖੇਤ ਮਾਰਗ, ਦੋ ਡਿੱਗੀਆਂ ਦੀ ਮੁਰੰਮਤ ਅਤੇ ਪਰਤ, ਤਿੰਨ ਪਿੰਡਾਂ ਦੀ ਸੜ੍ਹਕ 'ਤੇ ਪੁਲਾਂ ਦੀ ਮੁਰੰਮਤ ਅਤੇ ਨੀਲੋਂ ਨਹਿਰ ਦੀ ਸਫਾਈ ਦਾ ਕੰਮ ਅੱਠ ਮਹੀਨਿਆਂ ਦੇ ਰਿਕਾਰਡ ਸਮੇਂ ਦੇ ਅੰਦਰ ਮੁਕੰਮਲ ਹੋ ਚੁੱਕਾ ਹੈ। ਇਸ ਪ੍ਰਾਜੈਕਟ ਨੂੰ ਨਗਰ ਨਿਗਮ ਲੁਧਿਆਣਾ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਦੁਆਰਾ ਫੰਡ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੁੱਢੇ ਦਰਿਆ ਨੂੰ ਮੂਲ ਰੂਪ ਦੇਣ ਅਤੇ ਇਸ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਵਚਨਬੱਧ ਹੈ ਅਤੇ ਇਹ ਇਸ ਵਿਸ਼ਾਲ ਕਾਰਜ ਦੀ ਸਿਰਫ ਸ਼ੁਰੂਆਤ ਹੈ ਜੋ ਡਰੇਨ ਵਿੱਚੋਂ ਜ਼ਹਿਰੀਲੇ ਪਦਾਰਥਾਂ ਦਾ ਸਫਾਇਆ ਕਰਨ ਵਿੱਚ ਸਹਾਈ ਸਿੱਧ ਹੋਵੇਗੀ।

**■ 9.80 ਕਰੋੜ ਦੀ ਲਾਗਤ ਵਾਲਾ ਪ੍ਰੋਜੈਕਟ, ਸ਼ੀਟ ਪਾਇਲਿੰਗ ਤਕਨੀਕ ਰਾਹੀਂ 8 ਮਹੀਨੇ ਦੇ ਰਿਕਾਰਡ ਸਮੇਂ 'ਚ ਹੋਇਆ ਮੁਕੰਮਲ**

ਉਨ੍ਹਾਂ ਦੱਸਿਆ ਕਿ ਇਹ ਪ੍ਰਾਜੈਕਟ ਨਗਰ ਨਿਗਮ ਹਦੂਦ ਵਿੱਚੋਂ ਲੰਘਦੇ 14 ਕਿਲੋਮੀਟਰ ਲੰਬੇ ਬੁੱਢੇ ਨਾਲੇ ਵਿੱਚ ਘਰੇਲੂ ਪਾਣੀ ਦੇ ਡਿੱਗਣ ਨੂੰ ਰੋਕਣ ਲਈ ਸ਼ੁਰੂ ਕੀਤਾ ਗਿਆ ਹੈ ਅਤੇ ਸਿਰਫ ਸ਼ੁੱਧ ਕੀਤਾ ਪਾਣੀ ਹੀ ਦਰਿਆ ਵਿੱਚ ਪਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਵਿੱਚ ਕੁੱਲ ਸਮਰੱਥਾ 285 ਐਮ.ਐਲ.ਡੀ. (ਜਮਾਲਪੁਰ 225 ਐਮ.ਐਲ.ਡੀ. ਅਤੇ ਬਾਲੋਕੇ 60 ਐਮ.ਐਲ.ਡੀ.) ਦੇ ਘਰੇਲੂ ਪਾਣੀ ਨੂੰ ਸਾਫ ਕਰਨ ਲਈ ਦੋ ਨਵੇਂ ਸੀਵਰੇਜ਼ ਟ੍ਰੀਟਮੈਂਟ ਪਲਾਂਟਾਂ (ਐਸ.ਟੀ.ਪੀ.) ਦੀ ਸਥਾਪਨਾ, 418 ਐਮ.ਐਲ.ਡੀ. ਦੀ ਟ੍ਰੀਟਮੈਂਟ ਸਮਰੱਥਾ ਵਾਲੇ ਮੌਜੂਦਾ ਐਸ.ਟੀ.ਪੀ. ਦਾ ਮੁੜ ਵਸੇਬਾ, ਤਾਜ਼ਪੁਰ ਅਤੇ ਹੈਬੋਵਾਲ ਦੇ ਦੋ ਡੇਅਰੀ ਕੰਪਲੈਕਸ ਤੋਂ 6 ਐਮ.ਐਲ.ਡੀ. ਗੰਦੇ ਪਾਣੀ ਨੂੰ ਸ਼ੁੱਧ ਕਰਨ ਲਈ ਟ੍ਰੀਟਮੈਂਟ ਪਲਾਂਟ (ਈ.ਟੀ.ਪੀ.), 10 ਕਿਲੋਮੀਟਰ ਪਾਈਪ ਲਾਈਨ ਵਿਛਾਉਣ ਅਤੇ 10 ਸਾਲਾਂ ਲਈ ਪੂਰੇ ਬੁਨਿਆਦੀ ਢਾਂਚੇ ਦੇ ਸੰਚਾਲਨ ਅਤੇ ਸਾਂਭ-ਸੰਭਾਲ ਸ਼ਮਾਲ ਹਨ। ਇਸ ਮੌਕੇ ਪ੍ਰਮੁੱਖ ਤੌਰ 'ਤੇ ਮੈਂਬਰ ਸਕੱਤਰ ਪੀ.ਪੀ.ਸੀ.ਬੀ. ਸ੍ਰੀ ਕਰੁਨੇਸ਼ ਗਰਗ, ਐਸ.ਡੀ.ਐਮ. ਸਮਰਾਲਾ ਸ. ਵਿਕਰਮਜੀਤ ਸਿੰਘ ਪਾਂਥੇ, ਸ੍ਰੀ ਮਹਾਰਾਜ ਸਿੰਘ ਰਾਜੀ, ਕਾਰਜਕਾਰੀ ਇੰਜੀਨੀਅਰ ਸ. ਹਰਜੋਤ ਸਿੰਘ ਵਾਲੀਆ, ਸ. ਗੁਰਪ੍ਰੀਤ ਪਾਲ ਸਿੰਘ ਸੰਧੂ, ਐਸ.ਡੀ.ਓ ਸ੍ਰੀ ਰਾਕੇਸ਼ ਕੁਮਾਰ, ਐਸ.ਡੀ.ਓ ਸ੍ਰੀ ਮਨੀਸ਼ ਬੱਤਰਾ ਅਤੇ ਐਸ.ਡੀ.ਓ ਸ. ਰਵਪ੍ਰੀਤ ਸਿੰਘ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

# ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬਣਵਾਈ ਵਿਧਾਇਕ ਐਨ ਕੇ ਸ਼ਰਮਾ ਦੀ ਭੈਣ ਤੋਂ ਰੱਖੜੀ

**■ ਤੋਹਫ਼ੇ ਵਜੋਂ ਸਰਕਾਰ ਬਣਨ ਤੇ ਸ਼ਹਿਰ ਨੂੰ ਨਹਿਰੀ ਪਾਣੀ ਅਤੇ ਕਾਰਪੋਰੇਸ਼ਨ ਬਣਾਉਣ ਦਾ ਭਰੋਸਾ**



**ਜ਼ੀਰਕਪੁਰ/ਰਵੀ ਜ਼ੀਰਕਪੁਰ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅੱਜ ਜ਼ੀਰਕਪੁਰ ਵਿਖੇ ਵਿਧਾਇਕ ਐਨ ਕੇ ਸ਼ਰਮਾ ਦੀ ਭੈਣ ਪੁਸ਼ਪਾ ਸ਼ਰਮਾ ਤੋਂ ਰੱਖੜੀ ਬਣਵਾਉਣ ਲਈ ਪੁੱਜੇ। ਸੁਖਬੀਰ ਬਾਦਲ ਨੇ ਰੱਖੜੀ ਬਣਵਾਉਣ ਤੋਂ ਬਾਅਦ ਭੈਣਾਂ ਨੂੰ ਤੋਹਫੇ ਵਜੋਂ ਸਰਕਾਰ ਬਣਨ ਤੇ ਜ਼ੀਰਕਪੁਰ ਸ਼ਹਿਰ ਲਈ ਨਹਿਰੀ ਪਾਣੀ ਜ਼ੀਰਕਪੁਰ ਸ਼ਹਿਰ ਨੂੰ ਕਾਰਪੋਰੇਸ਼ਨ ਬਣਾਉਣ ਦਾ ਵਾਅਦਾ ਅਤੇ 200 ਫੁੱਟ ਸੜਕ ਨੂੰ ਪੰਚਕੂਲਾ ਨਾਲ ਕੁਨੈਕਟੀਵਿਟੀ ਦੇਣ ਦਾ ਭਰੋਸਾ ਦਿੱਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਧਾਇਕ ਐੱਨ ਕੇ ਸ਼ਰਮਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਿਛਲੇ ਕਈ ਸਾਲਾਂ ਤੋਂ ਉਨ੍ਹਾਂ ਦੀ ਭੈਣ ਪੁਸ਼ਪਾ ਸ਼ਰਮਾ ਤੋਂ ਰੱਖੜੀ ਬੰਨ੍ਹਵਾਉਂਦੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਸੁਖਬੀਰ ਸਿੰਘ ਬਾਦਲ ਉਨ੍ਹਾਂ ਦੀ ਭੈਣ ਤੋਂ ਰੱਖੜੀ ਬਣਾਉਣ ਲਈ ਵਿਸ਼ੇਸ਼ ਰੂਪ ਵਿਚ ਜ਼ੀਰਕਪੁਰ ਵਿਖੇ ਪੁੱਜੇ । ਜ਼ੀਰਕਪੁਰ ਪਟਿਆਲਾ ਸੜਕ ਤੇ ਸਥਿਤ ਦਸਮੇਸ਼ ਕਲੋਨੀ ਵਿੱਚ ਵਾਰਡ ਨੰਬਰ 19 ਦੀ ਕੌਂਸਲਰ ਪਰਵਿੰਦਰ ਕੌਰ ਦੇ ਘਰ ਪੁੱਜੇ ।ਸੁਖਬੀਰ ਬਾਦਲ ਨੂੰ ਉਨ੍ਹਾਂ ਦੀ ਭੈਣ ਤੋਂ ਇਲਾਵਾ ਕੌਂਸਲਰ ਪਰਵਿੰਦਰ ਕੌਰ ਸਮੇਤ ਨੇੜਲੀਆਂ ਕਲੋਨੀਆਂ ਦੀਆਂ ਔਰਤਾਂ ਨੇ ਰੱਖੜੀ ਬੰਨੀ ਰੱਖੜੀ ਬੰਨ੍ਹਵਾਉਣ ਤੋਂ ਬਾਅਦ ਸੁਖਬੀਰ ਬਾਦਲ ਨੇ ਜਦੋਂ ਉਨ੍ਹਾਂ ਤੋਂ ਕੁਝ ਮੰਗਣ ਦੀ ਗੱਲ ਕਹੀ ਤਾਂ ਮੌਕੇ ਤੇ ਮੌਜੂਦ ਔਰਤਾਂ ਨੇ ਸੁਖਬੀਰ ਸਿੰਘ ਬਾਦਲ ਤੋਂ ਜ਼ੀਰਕਪੁਰ ਸ਼ਹਿਰ ਵਿੱਚ ਨਹਿਰੀ ਪਾਣੀ ਜ਼ੀਰਕਪੁਰ ਸ਼ਹਿਰ ਨੂੰ ਕਾਰਪੋਰੇਸ਼ਨ ਬਣਾਉਣ ਦੀ ਮੰਗ ਕੀਤੀ । ਜਿਸ ਤੇ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਬਣਨ ਤੇ ਸਭ ਤੋਂ ਪਹਿਲਾਂ ਜ਼ੀਰਕਪੁਰ ਨੂੰ ਕਾਰਪੋਰੇਸ਼ਨ ਦਾ ਦਰਜਾ ਦੇਣ ਤੋਂ ਇਲਾਵਾ ਜ਼ੀਰਕਪੁਰ ਵਿੱਚ ਨਹਿਰੀ ਪਾਣੀ ਲਿਆਇਆ ਜਾਵੇਗਾ ਤਾਂ ਜੋ ਧਰਤੀ ਹੇਠਲੇ ਪਾਣੀ ਦਾ ਪੱਧਰ ਡਿਗਣ ਕਾਰਨ ਆਉਣ ਵਾਲੇ ਸਮੇਂ ਵਿਚ ਸ਼ਹਿਰ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਮਸਿਆ ਤੋਂ ਬਚਾਇਆ ਜਾ ਸਕੇ। ਉਨ੍ਹਾਂ ਭਰੋਸਾ ਦਿੱਤਾ ਕਿ ਜ਼ੀਰਕਪੁਰ ਵਿਚੋਂ ਲੰਘਦੀ 200 ਫੁਟੀ ਏਅਰਪੋਰਟ ਸੜਕ ਨੂੰ ਪੰਚਕੂਲਾ ਨਾਲ ਕੁਨੈੱਕਟ ਕਰਕੇ ਜ਼ੀਰਕਪੁਰ ਵਿੱਚ ਹਰ ਸਮੇਂ ਲੱਗਣ ਵਾਲੇ ਆਵਾਜਾਈ ਜਾਮ ਤੋਂ ਨਿਜਾਤ ਦਿਵਾਈ ਜਾਵੇਗੀ।

# ਰੱਖੜੀ ਦੇ ਤਿਉਹਾਰ ਤੇ ਸਨਮਤੀ ਵਿਮਲ ਜੈਨ ਸਕੂਲ ਦੇ ਬੱਚਿਆਂ ਨੇ ਕੀਤੀਆਂ ਵੱਖ-ਵੱਖ ਗੱਤੀ-ਵਿਧੀਆਂ




**ਜਗਰਾਉਂ/ਅਰਜੁਨ ਸਹਿਜਪਾਲ**

ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਭੈਣ-ਭਰਾ ਦੇ ਪਿਆਰ ਦੇ ਪਿਆਰ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਪਹਿਲੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵਿੱਚ ਰੱਖੜੀ ਨਾਲ ਸਬੰਧਿਤ 'ਕਵਿਤਾ ਉਚਾਰਨ' ਅਤੇ 'ਥਾਲੀ ਸਜਾਉਣ' ਦੀ ਪ੍ਰਤੀਯੋਗਿਤਾ ਕਰਵਾਈ ਗਈ। ਪਹਿਲੀ ਅਤੇ ਦੂਸਰੀ ਜਮਾਤ ਦੇ ਨੰਨ੍ਹੇ ਮੁਨ੍ਹੇ ਬੱਚਿਆਂ ਨੇ ਆਪਣੀ ਮਧੁਰ ਆਵਾਜ਼ ਵਿੱਚ ਬਹੁਤ ਹੀ ਸੁੰਦਰ ਕਵਿਤਾਵਾਂ ਸੁਣਾਈਆਂ। ਤੀਸਰੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਨੇ ਖੁਦ ਹੀ ਰੱਖੜੀ ਦੀਆਂ ਬਹੁਤ ਹੀ ਸੁੰਦਰ ਸੁੰਦਰ ਥਾਲੀਆਂ ਸਜਾਈਆਂ ਲੋਕਡਾਊਨ ਤੋਂ ਬਾਅਦ ਬੱਚਿਆ ਨੇ ਅੱਜ ਸਕੂਲ ਵਿੱਚ ਆਪਣੇ ਸਹਿਪਾਠੀਆਂ, ਅਧਿਆਪਕਾ ਅਤੇ ਪ੍ਰਿੰਸੀਪਲ ਮੈਡਮ ਦੇ ਨਾਲ ਆਪਣੀ ਖੁਸੀ ਸਾਂਝੀ ਕੀਤੀ ਤੇ ਰੱਖੜੀ ਬੰਨੀ। 'ਕਵਿਤਾ ਉਚਾਰਣ' ਮੁਕਾਬਲੇ ਵਿੱਚ ਪਹਿਲੀ ਜਮਾਤ ਦੀ ਬਰਿਸਟੀ ਅਤੇ ਨਵਦੀਪ ਨੇ ਪਹਿਲਾ, ਦੂਸਰੀ ਜਮਾਤ ਦੀ ਦੀਪਇੰਦਰ ਤੇ ਸਮਰੀਨ ਨੇ ਦੂਸਰਾ ਅਤੇ ਦੂਸਰੀ ਜਮਾਤ ਦੇ ਅਦਿਤਿਆ ਰਿਤਵਾੜੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 'ਰੱਖੜੀ ਥਾਲ ਸਜਾਵਟ' ਮੁਕਾਬਲੇ ਵਿੱਚ ਚੌਥੀ ਜਮਾਤ ਦੀ ਹਰਜੀਨ ਕੌਰ ਨੇ ਦੂਸਰਾ ਅਤੇ ਤੀਸਰੀ ਜਮਾਤ ਦੀ ਹਰਸਤਿਾ ਅਤੇ ਚੌਥੀ ਜਮਾਤ ਦੀ ਹਰਮਨ ਨੇ ਸਾਰਿਆ ਨੂੰ ਇਸ ਤਿਉਹਾਰ ਦਾ ਮਹੱਤਵ ਦੱਸਦੇ ਹੋਏ ਬਹੁਤ ਬਹੁਤ ਵਧਾਈ ਦਿੱਤੀ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਘਰ-ਘਰ ਰੋਜ਼ਗਾਰ' ਮਿਸ਼ਨ ਤਹਿਤ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਦਿੱਤੀ ਜਾਵੇਗੀ ਮੁਫ਼ਤ ਆਨਲਾਈਨ ਕੋਚਿੰਗ : ਡਿਪਟੀ ਕਮਿਸ਼ਨਰ

**ਜਲੰਧਰ/ਲੋਕ ਬਾਣੀ**

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ' ਮਿਸ਼ਨ ਤਹਿਤ ਬੇਰੋਜ਼ਗਾਰ ਨੌਜਵਾਨਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਮੁਫ਼ਤ ਆਨਲਾਈਨ ਕੋਚਿੰਗ ਮੁਹੱਈਆ ਕਰਵਾਉਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਡਿਪਟੀ ਕਮਿਸ਼ਨਰ ਸ਼੍ਰੀ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਐਸ.ਐਸ.ਸੀ., ਬੈਂਕ, ਪੀਓ/ਕਲੈਰੀਕਲ, ਆਰ.ਆਰ.ਬੀ., ਸੀ.ਈ.ਟੀ., ਪੀ.ਪੀ.ਐਸ.ਸੀ, ਪੀ.ਐਸ.ਐਸ.ਐਸ.ਬੀ ਅਤੇ ਹੋਰਨਾਂ ਵਿਭਾਗੀ ਪ੍ਰੀਖਿਆਵਾਂ ਲਈ ਆਉਣ ਵਾਲੇ ਦਿਨਾਂ ਵਿੱਚ ਇਕ ਲੱਖ ਨੌਜਵਾਨਾਂ ਨੂੰ ਮੁਫ਼ਤ ਆਨਲਾਈਨ ਕੋਚਿੰਗ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਕਾਂਸਟੇਬਲ ਅਤੇ ਕਲੈਰੀਕਲ ਅਸਾਮੀਆਂ ਲਈ ਮੁਫ਼ਤ ਆਨਲਾਈਨ ਕੋਚਿੰਗ ਦਾ ਪਹਿਲਾ ਬੈਚ ਸਤੰਬਰ 2021 ਦੇ ਪਹਿਲੇ ਹਫ਼ਤੇ ਸ਼ੁਰੂ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਕਲੈਰੀਕਲ ਬੈਚ ਲਈ ਖੁਦ ਨੂੰ ਰਜਿਸਟਸਰ ਕਰਨ ਵਾਲੇ ਉਮੀਦਵਾਰਾਂ ਨੇ ਗ੍ਰੈਜੂਏਸ਼ਨ ਮੁਕੰਮਲ ਕਰ ਲਈ ਹੋਵੇ ਅਤੇ ਜਦਕਿ 12ਵੀਂ ਪਾਸ ਉਮੀਦਵਾਰ ਪੁਲਿਸ ਕਾਂਸਟੇਬਲ ਅਪਲਾਈ ਕਰ ਸਕਦੇ ਹਨ । ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਚਾਹਵਾਨ ਉਮੀਦਵਾਰ ਤਿਆਰੀ ਕਲਾਸਾਂ ਦਾ ਲਾਭ ਲੈਣ ਲਈ ਵੈਬਸਾਈਟ 'ਤੇ ਲਾਗ ਇਨ ਕਰ ਕੇ ਇਨ੍ਹਾਂ ਕਲਾਸਾਂ ਲਈ ਅਪਲਾਈ ਕਰ ਸਕਦੇ ਹਨ । ਉਨ੍ਹਾਂ ਕਿਹਾ ਕਿ ਕਿਸੇ ਵੀ ਸਟਰੀਮ ਵਿੱਚ ਗ੍ਰੈਜੂਏਟ ਉਮੀਦਵਾਰ ਇਨ੍ਹਾਂ ਕਲਾਸਾਂ ਲਈ ਅਪਲਾਈ ਕਰ ਸਕਦੇ ਹਨ । ਉਨ੍ਹਾਂ ਕਿਹਾ ਕਿ ਅੰਡਰ ਗ੍ਰੈਜੈਏਟ ਉਮੀਦਵਾਰ ਜੇਕਰ ਕਿਸੇ ਕੇਂਦਰੀ/ਸੂਬੇ ਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਯੋਗ ਹਨ ਤਾਂ ਹੀ ਕਲਾਸਾਂ ਲਈ ਖੁਦ ਨੂੰ ਰਜਿਸਟਰ ਕਰ ਸਕਦੇ ਹਨ । ਸ਼੍ਰੀ ਥੋਰੀ ਨੇ ਦੱਸਿਆ ਕਿ ਕੋਚਿੰਗ ਵੱਖ-ਵੱਖ ਵਿਸ਼ਾ ਮਾਹਿਰ ਅਧਿਆਪਕਾਂ ਵੱਲੋਂ ਮੁਹੱਈਆ ਕਰਵਾਈ ਜਾਵੇਗੀ, ਜੋ ਕਿ ਸਿਲੇਬਸ ਅਨੁਸਾਰ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿੱਚ ਤਿਆਰੀ ਕਰਵਾਉਣ ਦੇ ਸਮਰੱਥ ਹਨ। ਉਨ੍ਹਾਂ ਦੱਸਿਆ ਕਿ ਇਹ ਕੋਚਿੰਗ ਆਨਲਾਈਨ ਪਲੇਟਫਾਰਮ ਦੇ ਮਾਧਿਅਮ ਨਾਲ ਮੁਹੱਈਆ ਕਰਵਾਈ ਜਾਵੇਗੀ, ਜਿਸ ਨੂੰ ਪੂਰੇ ਸੂਬੇ ਵਿੱਚ ਲਾਈਵ ਸਟ੍ਰੀਮ ਕੀਤਾ ਜਾਵੇਗਾ ਅਤੇ ਉਮੀਦਵਾਰ ਡੈਸਕਟਾਪ/ਲੈਪਟਾਪ ਅਤੇ ਸਮਾਰਟ ਫੋਨ ਰਾਹੀਂ ਲੈਕਚਰ ਪ੍ਰਾਪਤ ਕਰ ਸਕਣਗੇ ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੋਚਿੰਗ ਖ਼ਤਮ ਹੋਣ ਉਪਰੰਤ ਉਮੀਦਵਾਰ ਲਾਈਵ ਰਿਕਾਰਡਡ ਲੈਕਚਰ ਇਕ ਸਾਲ ਅੱਠ ਮਹੀਨੇ ਤੱਕ ਅਭਿਆਸ ਲਈ ਦੇਖ ਸਕਣਗੇ। ਉਨ੍ਹਾਂ ਦੱਸਿਆ ਕਿ ਇਹ ਦੋ ਪੱਖੀ ਅਦਾਨ-ਪ੍ਰਦਾਨ ਹੋਵੇਗਾ, ਜਿਥੇ ਵਿਦਿਆਰਥੀ ਚੈਟ ਵਿੰਡੋ ਰਾਹੀਂ ਲਾਈਵ ਲੈਕਚਰ ਦੌਰਾਨ ਆਪਣੇ ਸਵਾਲ ਪੁੱਛ ਸਕਣਗੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਉਮੀਦਵਾਰਾਂ ਨੂੰ ਨਿਯਮਤ ਅਭਿਆਸ ਅਤੇ ਮੌਕ ਟੈਸਟਾਂ ਉਪਰੰਤ ਕੰਟੈਂਟ, ਵੀਡੀਓਜ਼, ਨੋਟਸ ਅਤੇ ਹੋਰ ਸਿੱਖਿਆ ਸਮੱਗਰੀ ਵੀ ਮੁਹੱਈਆ ਕਰਵਾਈ ਜਾਵੇਗੀ। ਵਧੇਰੇ ਜਾਣਕਾਰੀ ਦਿੰਦਿਆਂ ਸ਼੍ਰੀ ਥੋਰੀ ਨੇ ਦੱਸਿਆ ਕਿ ਇਕ ਬੈਚ ਦੀ ਮਿਆਦ ਘੱਟੋ-ਘੱਟ ਚਾਰ ਮਹੀਨੇ ਦੀ ਹੋਵੇਗੀ ਅਤੇ ਕੋਚਿੰਗ ਹਫ਼ਤੇ ਦੇ ਛੇ ਦਿਨ 1.30 ਘੰਟੇ ਦੇ ਦੋ ਸੈਸ਼ਨਾਂ ਵਿੱਚ ਆਯੋਜਿਤ ਕੀਤੀ ਜਾਵੇਗੀ । ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਉਮੀਦਵਾਰਾਂ ਦੇ ਸ਼ੰਕੇ ਦੂਰ ਕਰਨ ਅਤੇ ਮਾਹਿਰਾਂ ਤੋਂ ਅਗਵਾਈ ਲਈ ਹਫ਼ਤਾਵਾਰੀ ਲਾਈਵ ਸੈਸ਼ਨ ਵੀ ਹੋਵੇਗਾ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com





ਰੋਜ਼ਾਨਾ ਲੋਕ ਬਾਣੀ



**ਗੁਰਦਾਸਪੁਰ ਵਿੱਚ ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਸਾਰਿਆ ਨੇ ਰੱਖੜੀ ਦਾ ਤਿਉਹਾਰ ਜੋ ਭੈਣਾਂ ਭਰਾਵਾਂ ਦੇ ਪਿਆਰ ਦਾ ਪ੍ਰਤੀਕ ਹੈ ਬੜੀ ਹੀ ਖੁਸ਼ੀਆਂ ਖੇੜਿਆ ਨਾਲ ਮਨਾਇਆ**















# ਨਾਮਵਾਰ ਕਵੀ ਚਰਨ ਸੀਚੇਵਾਲਵੀ ਦੀ ਯਾਦ ਵਿਚ ਕਰਵਾਇਆ ਕਵੀ ਦਰਬਾਰ

## *ਵੇਈਂ ਦੀ ਕਾਰਸੇਵਾ ਦੇ 21 ਸਾਲਾਂ ਦੇ ਸਫਰ ਦੌਰਾਨ ਸੀਚੇਵਾਲਵੀ ਨੇ ਨਿਭਾਈ ਮੋਹਰੀ ਭੂਮਿਕਾ : ਸੰਤ ਸੀਚੇਵਾਲ*

### ■ ਅੱਖਰ ਮੰਚ ਵੱਲੋਂ ਪੰਜਾਬੀ ਦੇ ਚਾਰ ਪੱਤਰਕਾਰਾਂ ਦਾ ਸਨਮਾਨ

**ਸੁਲਤਾਨਪੁਰ ਲੋਧੀ/ਲਖਵਿੰਦਰ ਸਿੰਘ ਜੰਮੂ ,ਰਣਜੀਤ ਸਿੰਘ ਚੰਦੀ**

ਪੰਜਾਬੀ ਸਾਹਿਤ, ਭਾਸ਼ਾ ਅਤੇ ਵਿਰਸੇ ਨੂੰ ਸਮਰਪਿਤ ਨਾਮਵਾਰ ਕਵੀ ਚਰਨ ਸੀਚੇਵਾਲਵੀ ਦੀ ਯਾਦ ਵਿਚ ਕਵੀ ਦਰਬਾਰ ਕਰਵਾਇਆ ਗਿਆ। ਇਸ ਸ਼ਰਧਾਜਲੀ ਸਮਾਗਮ ਦੌਰਾਨ ਕਵੀਆਂ ਨੇ ਪੰਜਾਬ ਦੇ ਮੌਜੂਦਾ ਹਲਾਤਾਂ ਤੇ ਨਾਲ-ਨਾਲ ਵਾਤਾਵਰਣ ਬਾਰੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਨਿਰਮਲ ਸੁਲਤਾਨਪੁਰ ਲੋਧੀ ਵਿਚ ਹੋਏ ਇਸ ਸਮਾਗਮ ਨੂੰ ਕਪੂਰਥਲਾ ਦੇ ਅੱਖਰ ਮੰਚ ਵੱਲੋਂ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ। ਇਸੇ ਦੌਰਾਨ ਪੰਜਾਬੀ ਪੱਤਰਕਾਰੀ ਨਾਲ ਲੰਬੇ ਸਮੇਂ ਤੋਂ ਜੁੜੇ ਚਾਰ ਪੱਤਰਕਾਰਾਂ ਦਾ ਸਨਮਾਨ ਵੀ ਕੀਤਾ ਗਿਆ। ਚਰਨ ਸੀਚੇਵਾਲਵੀ ਦੇ ਪਰਿਵਾਰ ਚੋਂ ਆਈਆਂ ਉਹਨਾਂ ਦੀਆਂ ਧੀਆਂ ਨੂੰ ਵੀ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ।



ਇਸ ਕਵੀ ਦਰਬਾਰ ਵਿਚ ਆਏ ਕਵੀਆਂ ਵਿਚ ਆਸੀ ਈਸ ਪੁਰੀ, ਜਸਪਾਲ ਜੀਰਵੀ, ਜਗਦੀਸ਼ ਰਾਣਾ, ਰਾਮ ਸਿੰਘ ਇਨਸਾਫ, ਕੁਲਵੰਤ ਸਿੰਘ ਔਜਲਾ, ਡਾ. ਸਰਦੂਲ ਸਿੰਘ ਔਜਲਾ, ਗੁਰਭਜਨ ਸਿੰਘ ਲਾਸਾਨੀ, ਮੁੱਖਤਿਆਰ ਸਿੰਘ ਚੰਦੀ, ਕੁਲਵਿੰਦਰ ਕੌਰ ਕੰਵਲ, ਸੰਤ ਸਿੰਘ ਸੰਧੂ, ਸੁਰਜੀਤ ਸਿੰਘ ਬਲਾੜੀਕਲਾਂ ਅਤੇ ਡਾ. ਰਾਮਸਰੂਪ ਨੇ ਹਿੱਸਾ ਲਿਆ।

ਅੱਖਰ ਮੰਚ ਦੇ ਪ੍ਰਧਾਨ ਅਤੇ ਨੈਸ਼ਨਲ ਐਵਾਰਡੀ ਸਵਰਨ ਸਿੰਘ ਔਜਲਾ ਨੇ ਦੱਸਿਆ ਕਿ ਪੱਤਰਕਾਰੀ ਦੇ ਖੇਤਰ ਵਿਚ ਬੜਾ ਨਿਘਾਰ ਆ ਚੁੱਕਾ ਹੈ ਪਰ ਲੋਕਤੰਤਰ ਦੇ ਇਸ ਚੌਥੇ ਥੰਮ੍ਹ ਵਿਚ ਹਲੇ ਵੀ ਬਹੁਤ ਸਾਰੇ ਸਿਦਕ ਸਿਰੜ ਤੇ ਲਗਨ ਨਾਲ ਨਿਰਪੱਖ ਪੱਤਰਕਾਰੀ ਕਰਨ ਵਾਲੇ ਪੱਤਰਕਾਰ ਲੋਕ ਹਿੱਤਾਂ ਦੀ ਰਾਖੀ ਕਰਨ ਲਈ ਡਟੇ ਹੋਏ ਹਨ। ਜਿਹਨਾਂ ਚਾਰ ਪੱਤਰਕਾਰਾਂ ਦਾ ਸਨਮਾਨ ਕੀਤਾ ਗਿਆ ਉਹਨਾਂ ਵਿਚ ਅਮਰਜੀਤ ਸਿੰਘ ਕੋਮਲ, ਨਰਿੰਦਰ ਸਿੰਘ ਸੋਨੀਆ, ਪਾਲ ਸਿੰਘ ਨੌਲੀ ਅਤੇ ਪਰਸਨ ਲਾਲ ਭੋਲਾ ਸ਼ਾਮਿਲ ਸਨ।

ਇਸ ਮੌਕੇ ਵਾਤਾਵਰਣ ਪ੍ਰੇਮੀ ਪਦਮ ਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਵੀ ਦਰਬਾਰ 'ਚ ਆਏ ਕਵੀਆਂ ਦਾ ਸਨਮਾਨ ਕੀਤਾ। ਉਹਨਾਂ ਦੱਸਿਆ ਕਿ ਚਰਨ ਸੀਚੇਵਾਲਵੀ ਜਦੋਂ ਸੰਨ 2000 ਵਿਚ ਕਾਲੀ ਵੇਈਂ ਦੀ ਕਾਰਸੇਵਾ ਸ਼ੁਰੂ ਹੋਈ ਸੀ ਉਸ ਸਮੇਂ ਤੋਂ ਹੀ ਕਵੀ ਦਰਬਾਰ ਕਰਵਾਉਣ ਵਿਚ ਆਪਣੀ ਮੋਹਰੀ ਭੂਮਿਕਾ ਨਿਭਾ ਰਹੇ ਸਨ। ਉਹਨਾਂ ਨੇ ਜਿੱਥੇ ਪਵਿੱਤਰ ਕਾਲੀ ਵੇਈਂ ਦੀ ਕਾਰਸੇਵਾ ਬਾਰੇ ਆਪਣੀਆਂ ਰਚਨਾਵਾਂ ਲਿਖਿਆਂ ਸਨ ਉੱਥੇ ਹੀ ਪੰਜਾਬ ਦੀ ਆਬੋ ਹਵਾ ਨੂੰ ਸਾਫ਼ ਸੁਥਰਾ ਰੱਖਣ ਅਤੇ ਸੂਬੇ ਦੇ ਪੰਛੀਆਂ ਬਾਰੇ ਵੀ ਬਾਖੂਬੀ ਲਿਖਿਆ ਸੀ। ਸੰਤ ਸੀਚੇਵਾਲ ਨੇ ਕਿਹਾ ਕਿ ਕਵੀ ਆਪਣੀਆਂ ਕਾਵਿਕ ਉਡਾਰੀਆਂ ਨਾਲ ਲੋਕਾਂ ਦੇ ਮਨਾਂ ਨੂੰ ਟਟੋਲਦੇ ਹਨ ਤੇ ਦਿਲ ਟੂੰਬਦੀਆਂ ਰਚਨਾਵਾਂ ਦੀ ਸਿਰਜਨਾ ਕਰਦੇ ਹਨ।

ਇਸ ਮੌਕੇ ਸੰਤ ਸੁਖਜੀਤ ਸਿੰਘ ਸੀਚੇਵਾਲ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ। ਹੋਰਨਾਂ ਤੋਂ ਇਲਾਵਾ ਇਸ ਸਮਾਗਮ ਵਿਚ ਸੁਰਜੀਤ ਸਿੰਘ ਸ਼ੰਟੀ, ਐਡਵੋਕੇਟ ਰਣਜੀਤ ਸਿੰਘ ਰਾਣਾ, ਜਸਵੀਰ ਸਿੰਘ ਸੰਧੂ, ਗੁਰਪਾਲ ਸਿੰਘ ਸ਼ਤਾਬਗੜ੍ਹ, ਸਰਪੰਚ ਤਜਿੰਦਰ ਸਿੰਘ, ਸੁਲਤਾਨਪੁਰ ਲੋਧੀ ਤੋਂ ਸਵਰਨ ਸਿੰਘ, ਗਾਇਕ ਬਲਵੀਰ ਸ਼ੇਰਪੁਰੀ ਆਦਿ ਸ਼ਾਮਿਲ ਸੀ।

# ਮੋਹਾਲੀ ਰੈਲੀ ਨੂੰ ਲੈ ਕੇ ਹੋਈ ਮੀਟਿੰਗ



**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਅਣਰਿਵਾਇਜਡ ਅਤੇ ਪਾਰਸਲੀ ਰਿਵਾਇਜਡਿ ਕੈਟਾਗਰੀ ਇਕਾਈ ਫਰਿਜਪੁਰ ਦੀ ਇੱਕ ਅਹਿਮ ਮੀਟਿੰਗ ਹੋਈ ਗੁਰਦੁਆਰਾ ਸਾਰਾਗੜ੍ਹੀ ਪਾਰਕ ਫਿਰੋਜ਼ਪੁਰ ਵਿਖੇ ਹੋਈ ਇਸ ਮੀਟਿੰਗ ਵਿਚ ਵੱਖ ਵੱਖ ਆਈਆਂ ਅਤੇ ਜਥੇਬੰਦੀਆਂ ਦੇ ਆਗੂਆਂ ਨੇ ਭਾਗ ਲਿਆ ਜਿਸ ਵਿਚ 28 ਅਗਸਤ ਨੂੰ ਮੋਹਾਲੀ ਵਿਖੇ ਹੋਣ ਵਾਲੀ ਰੈਲੀ ਨੂੰ ਸਫਲ ਕਰਨ ਲਈ ਯੋਜਨਾਬੰਦੀ ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਵਿਚ ਉਕਤ ਕੈਟਾਗਰੀਆਂ ਨਾਲ ਸਬੰਧਤ ਸਾਰੀਆਂ ਮੁਲਾਜ਼ਮ ਜਥੇਬੰਦੀਆਂ ਦੇ ਆਗੂ ਭਾਰਤ ਨੇ ਆਪਣੇ ਪੱਖ ਰੱਖਦੇ ਹੋਏ 28 ਅਗਸਤ ਨੂੰ ਹੋਣ ਵਾਲੀ ਰੈਲੀ ਨੂੰ ਸਫਲ ਬਣਾਉਣ ਲਈ ਸਿਰ ਤੋੜ ਯਤਨ ਕਰਨ ਦੀ ਸਹਿਮਤੀ ਦਿੱਤੀ। ਅਤੇ ਰੈਲੀ ਲਈ ਵੱਧ ਤੋਂ ਵੱਧ ਸਾਥੀਆਂ ਨਾਲ ਸ਼ਮੂਲੀਅਤ ਕਰਨ ਲਈ ਸਹਿਮਤੀ ਜਤਾਈ ਗਈ ਇਸ ਮੌਕੇ ਸੁਖਵਿੰਦਰ ਸਿੰਘ , ਪ੍ਰਗਟ ਸਿੰਘ , ਚਰਨ ਸਿੰਘ , ਬੇਅੰਤ ਸਿੰਘ , ਗੁਰਜੰਟ ਸਿੰਘ , ਹਰਫੂਲ ਸਿੰਘ , ਗੁਰਚਰਨ ਸਿੰਘ ਸਰਲਾ ਆਦਿ ਹਾਜਰ ਸਨ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी ( रजि. )
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ
ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ,
ਮਿਲਾਪ ਚੌਕ ਜਲੰਧਰ 0181-2211009, 99155-94111